# ਪਹੁੰਚਯੋਗਤਾ ਬਾਰੇ ਪਲੈਨ

ਸਤੰਬਰ 2023

ELECTIONS BC
A non-partisan Office of the Legislature

# ਇਲੈਕਸ਼ਨਜ਼ ਬੀ ਸੀ
# ਪਹੁੰਚਯੋਗਤਾ ਬਾਰੇ ਪਲੈਨ

ਸਤੰਬਰ 2023

Elections BC
Accessibility Plan

[Punjabi]

# ਤਤਕਰਾ


**ਮੁੱਖ ਚੋਣ ਅਫਸਰ ਦਾ ਸੁਨੇਹਾ....1**

**ਸਾਰ....2**

**ਜਾਣ-ਪਛਾਣ....3**

ਇਲੈਕਸ਼ਨਜ਼ ਬੀ ਸੀ ਬਾਰੇ....3
ਸਾਡੀ ਪਹੁੰਚਯੋਗਤਾ ਦੀ ਕਹਾਣੀ....3
ਮੁੱਖ ਯੋਗਦਾਨ ਪਾਉਣ ਵਾਲਿਆਂ ਦਾ ਆਭਾਰ....3
ਇਲਾਕੇ ਬਾਰੇ ਸਵੀਕ੍ਰਿਤੀ....4
ਪ੍ਰੀਭਾਸ਼ਾਵਾਂ....4

**ਸਾਡੇ ਕੰਮ ਨੂੰ ਸੇਧ ਦੇਣ ਵਾਲਾ ਚੌਖਟਾ....5**

ਐਕਸੈਸੀਬਲ ਬ੍ਰਿਟਿਸ਼ ਕੋਲੰਬੀਆ ਐਕਟ....5
ਹੋਰ ਕਾਨੂੰਨ....6

**ਸਾਡੀ ਪਹੁੰਚਯੋਗਤਾ ਦੀ ਪਲੈਨ ਬਾਰੇ....6**

**ਸਾਡੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਬਾਰੇ....7**

ਕਮੇਟੀ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ....7
ਕਮੇਟੀ ਦੇ ਮੈਂਬਰਾਂ ਦੀ ਚੋਣ....7

**ਸਾਨੂੰ ਰਾਇ ਦੇਣ ਦੇ ਸਾਧਨ ਬਾਰੇ....8**

ਸਲਾਹ ਮਸ਼ਵਰਾ....9

**ਇਲੈਕਸ਼ਨਜ਼ ਬੀ ਸੀ ਵਿਖੇ ਪਹੁੰਚਯੋਗਤਾ ਦੇ ਫੀਚਰ....9**

ਜਾਣਕਾਰੀ ਅਤੇ ਸੰਚਾਰ....10
ਵੋਟ ਪਾਉਣ ਦੇ ਢੰਗ....10
ਵੋਟ ਪਾਉਣ ਲਈ ਪਹੁੰਚਯੋਗਤਾ....12
ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਨਾਲ ਸੰਬੰਧਿਤ ਪਹੁੰਚਯੋਗਤਾ....14
ਕੰਮ ਵਾਲੀ ਥਾਂ ’ਤੇ ਪਹੁੰਚਯੋਗਤਾ....15

**ਰੁਕਾਵਟਾਂ....16**

ਡਿਜ਼ਾਈਨ ਰਾਹੀਂ ਪਹੁੰਚਯੋਗਤਾ....16
ਸਿਖਲਾਈ....16
ਸਰੀਰਕ ਪਹੁੰਚਯੋਗਤਾ ਅਤੇ ਇਮਾਰਤਾਂ....17
ਵੋਟ ਪਾਉਣ ਦੇ ਅਮਲ ਦੀ ਪਹੁੰਚਯੋਗਤਾ....17

**2023/24 ਤੋਂ ਲੈ ਕੇ 2025/26 ਤੱਕ ਸਾਡੀਆਂ ਤਰਜੀਹਾਂ....................................18**

ਤਰਜੀਹ 1: ਅਗਲੀ ਸੂਬਾਈ ਆਮ ਇਲੈਕਸ਼ਨ ਲਈ ਵੋਟ ਪਾਉਣ ਵਿੱਚ ਆਧੁਨਿਕੀਕਰਨ ਲਾਗੂ ਕਰਨਾ............18

ਤਰਜੀਹ 2: ਇਲੈਕਸ਼ਨਜ਼ ਬੀ ਸੀ ਦੇ ਵੈੱਬਸਾਈਟ ਅਤੇ ਆਨਲਾਈਨ ਵੋਟਰ ਰਜਿਸਟ੍ਰੇਸ਼ਨ ਸਿਸਟਮ ਦਾ ਪਹੁੰਚਯੋਗਤਾ ਲਈ ਰਿਵੀਊ ਕਰਨਾ ..........................................................................18

ਤਰਜੀਹ 3: ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਕਈ ਰੂਪਾਂ ਵਿੱਚ ਜਾਣਕਾਰੀ ਦੇਣੀ............................19

ਤਰਜੀਹ 4: ਵੋਟਰਾਂ ਨੂੰ ਕਈ ਰੂਪਾਂ ਵਿੱਚ ਜਾਣਕਾਰੀ ਦੇਣੀ ..............................................................19

ਤਰਜੀਹ 5: ਇਲੈਕਸ਼ਨ ਅਧਿਕਾਰੀਆਂ ਅਤੇ ਜ਼ਿਲ੍ਹਾ ਚੋਣ ਦਫਤਰ ਦੇ ਸਟਾਫ ਲਈ ਸਿੱਖਲਾਈ ਦੀ ਸਮੱਗਰੀ ਵਿੱਚ ਵਾਧਾ ਕਰਨਾ.......................................................................................19

ਤਰਜੀਹ 6: ਸਾਡੇ ਕੰਮ ਵਾਲੀ ਥਾਂ ’ਤੇ ਪਹੁੰਚਯੋਗਤਾ ਵਿੱਚ ਕਿਵੇਂ ਸੁਧਾਰ ਕੀਤਾ ਜਾ ਸਕਦਾ ਹੈ, ਇਸ ਬਾਰੇ ਇਲੈਕਸ਼ਨਜ਼ ਬੀ ਸੀ ਦੇ ਕਰਮਚਾਰੀਆਂ ਤੋਂ ਰਾਇ ਲੈਣਾ ...................................................20

**ਨਿਗਰਾਨੀ ਅਤੇ ਮੁੱਲਾਂਕਣ...........................................................................20**

**ਅੰਤ ..........................................................................................21**

# ਮੁੱਖ ਚੋਣ ਅਫਸਰ ਦਾ ਸੁਨੇਹਾ

ਚੋਣਾਂ ਦਾ ਪਹੁੰਚਯੋਗ ਅਤੇ ਸਭ ਦੀ ਸ਼ਮੂਲੀਅਤ ਵਾਲਾ ਅਮਲ ਉਸਾਰਨਾ ਇਲੈਕਸ਼ਨਜ਼ ਬੀ ਸੀ ਦੀ ਮਿੱਥੀ ਹੋਈ ਕੇਂਦਰੀ ਤਰਜੀਹ ਹੈ। ਮੁੱਖ ਚੋਣ ਅਫਸਰ ਵਜੋ, ਮੇਰੇ ਮੁੱਖ ਟੀਚਿਆਂ ਵਿੱਚੋਂ ਇਕ ਟੀਚਾ ਵੋਟ ਪਾਉਣ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਘਟਾਉਣਾ ਅਤੇ ਵੋਟਰਾਂ, ਉਮੀਦਵਾਰਾਂ, ਸਿਆਸੀ ਪਾਰਟੀਆਂ ਅਤੇ ਇਲੈਕਸ਼ਨਾਂ ਵਿੱਚ ਸ਼ਾਮਲ ਹਰ ਵਿਅਕਤੀ ਲਈ ਸੇਵਾਵਾਂ ਵਿੱਚ ਸੁਧਾਰ ਕਰਨਾ ਹੈ। *ਐਕਸੈਸੀਬਲ ਬ੍ਰਿਟਿਸ਼ ਕੋਲੰਬੀਆ ਐਕਟ* ਅਤੇ ਪਹੁੰਚਯੋਗਤਾ ਬਾਰੇ ਇਸ ਪਲੈਨ ਰਾਹੀਂ ਸਥਾਪਤ ਕੀਤੇ ਚੌਖਟੇ ਅਧੀਨ ਇਸ ਕੰਮ ਨੂੰ ਜਾਰੀ ਰੱਖਣ ਲਈ ਮਿਲੇ ਮੌਕੇ ਦੀ ਮੈਨੂੰ ਬਹੁਤ ਖੁਸ਼ੀ ਹੈ। ਸਾਡੀ ਪਹੁੰਚਯੋਗਤਾ ਬਾਰੇ ਪਲੈਨ, ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਅਤੇ ਰਾਇ (ਫੀਡਬੈਕ) ਦੇਣ ਦਾ ਢੰਗ ਰੁਕਾਵਟਾਂ ਦੀ ਪਛਾਣ ਕਰਨ, ਉਹਨਾਂ ਨੂੰ ਦੂਰ ਕਰਨ ਅਤੇ ਉਹਨਾਂ ਦੀ ਰੋਕਥਾਮ ਕਰਨ ਵਿੱਚ ਸਾਡੀ ਮਦਦ ਕਰਨਗੇ। ਮੈਂ ਸਾਡੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਦੇ ਮੈਂਬਰਾਂ ਅਤੇ ਇਸ ਪਲੈਨ ਵਿੱਚ ਯੋਗਦਾਨ ਪਾਉਣ ਵਾਲੇ ਹਰ ਵਿਅਕਤੀ ਦਾ ਤਹਿ-ਦਿਲੋਂ ਧੰਨਵਾਦੀ ਹਾਂ।



**ਐਨਟੋਨ ਬੋਗਮੈਨ**
ਮੁੱਖ ਅਫਸਰ
ਬ੍ਰਿਟਿਸ਼ ਕੋਲੰਬੀਆ

# ਸਾਰ

ਇਸ ਪਲੈਨ ਦਾ ਮਕਸਦ ਇਲੈਕਸ਼ਨਜ਼ ਬੀ ਸੀ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਕਰਨਾ, ਰੁਕਾਵਟਾਂ ਨੂੰ ਦੂਰ ਕਰਨਾ ਅਤੇ ਰੁਕਾਵਟਾਂ ਦੀ ਰੋਕਥਾਮ ਕਰਨਾ ਹੈ। ਆਮ ਸੂਬਾਈ ਚੋਣਾਂ ਵਿੱਚ ਸੂਬੇ ਦੇ ਸਾਰੇ ਇਲਾਕਿਆਂ ਵਿੱਚ ਵੋਟਰਾਂ, ਉਮੀਦਵਾਰਾਂ, ਅਤੇ ਕਰਮਚਾਰੀਆਂ ਨਾਲ ਸਾਡਾ ਵਾਹ ਪੈਂਦਾ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ ਸੂਬਾਈ ਚੋਣਾਂ ਲਈ ਪਹੁੰਚਯੋਗ ਚੋਣ-ਅਮਲ ਨੂੰ ਯਕੀਨੀ ਬਣਾਉਣਾ ਸਾਡੇ ਧਿਆਨ ਦਾ ਮੁੱਖ ਕੇਂਦਰ ਹੈ। ਸਾਡਾ ਨਿਸ਼ਾਨਾ ਵੋਟ ਪਾਉਣ ਦੇ ਕਈ ਤਰ੍ਹਾਂ ਦੇ ਢੰਗਾਂ ਦੀ ਵਰਤੋਂ ਕਰਕੇ ਚੋਣਾਂ ਨੂੰ ਪਹੁੰਚਯੋਗ ਬਣਾਉਣਾ ਹੈ। ਇਹਨਾਂ ਢੰਗਾਂ ਵਿੱਚ ਆਖਰੀ ਦਿਨ ਵੋਟ ਪਾਉਣਾ, ਐਡਵਾਂਸ ਵੋਟ ਪਾਉਣਾ, ਡਾਕ ਰਾਹੀਂ ਵੋਟ ਪਾਉਣਾ, ਕਿਸੇ ਵੀ ਚੋਣ ਜ਼ਿਲ੍ਹੇ ਵਿੱਚ ਵੋਟ ਪਾਉਣਾ ਅਤੇ ਪਹੁੰਚਯੋਗਤਾ ਨਾਲ ਸੰਬੰਧਿਤ ਚੁਣੌਤੀਆਂ ਵਾਲੇ ਵੋਟਰਾਂ ਲਈ ਕਿਸੇ ਦੀ ਮਦਦ ਨਾਲ ਟੈਲੀਫੋਨ ਰਾਹੀਂ ਅਤੇ ਬਾਹਰ ਸੜਕ 'ਤੇ ਵੋਟ ਪਾਉਣਾ ਸ਼ਾਮਲ ਹਨ। ਸਾਡੇ ਕੋਲ ਵੋਟਰਾਂ ਦੀ ਉਸ ਢੰਗ ਨਾਲ ਮਦਦ ਕਰਨ ਲਈ ਵਸੀਲੇ ਅਤੇ ਕਾਰਜ-ਪ੍ਰਣਾਲੀਆਂ ਹਨ ਜਿਹੜਾ ਢੰਗ ਉਹਨਾਂ ਦੀਆਂ ਲੋੜਾਂ ਦੀ ਸਭ ਤੋਂ ਚੰਗੀ ਤਰ੍ਹਾਂ ਪੂਰਤੀ ਕਰਦਾ ਹੋਵੇ।

ਸਾਡੀ ਆਪਣੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਅਤੇ ਆਮ ਲੋਕਾਂ ਦੀ ਮਦਦ ਨਾਲ ਆਪਣੇ ਵਸੀਲਿਆਂ ਅਤੇ ਕਾਰਜ-ਪ੍ਰਣਾਲੀਆਂ ਵਿੱਚ ਸੁਧਾਰ ਕਰਨ ਦੀ ਪਲੈਨ ਹੈ। ਅਸੀਂ ਲੋਕਾਂ ਨੂੰ ਉਹਨਾਂ ਰੁਕਾਵਟਾਂ ਬਾਰੇ ਆਪਣੀ ਰਾਇ ਦੇਣ ਲਈ ਉਤਸ਼ਾਹ ਦਿੰਦੇ ਹਾਂ ਜਿਹਨਾਂ ਰੁਕਾਵਟਾਂ ਨਾਲ ਉਹਨਾਂ ਨੂੰ ਸਾਡੇ ਨਾਲ ਵਾਹ ਪੈਣ ਸਮੇਂ ਤਜਰਬਾ ਹੁੰਦਾ ਹੈ, ਤਾਂ ਕਿ ਅਸੀਂ ਉਹਨਾਂ ਰੁਕਾਵਟਾਂ ਨੂੰ ਦੂਰ ਕਰ ਸਕੀਏ ਅਤੇ ਉਹਨਾਂ ਤੋਂ ਰੋਕਥਾਮ ਕਰ ਸਕੀਏ।

ਅਸੀਂ ਛੇ ਤਰਜੀਹਾਂ ਦੀ ਪਛਾਣ ਕੀਤੀ ਹੈ, ਜਿਹਨਾਂ ਤੋਂ ਸਾਨੂੰ ਉਮੀਦ ਹੈ ਕਿ ਉਹ ਅਗਲੇ ਦੋ ਸਾਲਾਂ ਵਿੱਚ ਸਾਡੇ ਵਸੀਲਿਆਂ, ਵੋਟ ਪਾਉਣ ਵਾਲੀਆਂ ਥਾਂਵਾਂ ਅਤੇ ਕੰਮ ਵਾਲੀ ਥਾਂ ਨੂੰ ਹੋਰ ਪਹੁੰਚਯੋਗ ਬਣਾਉਣਗੀਆਂ। ਇਹ ਤਰਜੀਹਾਂ ਇਸ ਪ੍ਰਕਾਰ ਹਨ:

- ਬੀ ਸੀ ਦੀ ਅਗਲੀ ਆਮ ਚੋਣ ਲਈ ਵੋਟਾਂ ਪਾਉਣ ਦੇ ਆਧੁਨਿਕ ਅਮਲ ਨੂੰ ਲਾਗੂ ਕਰਨਾ,
- ਆਪਣੇ ਵੈੱਬਸਾਈਟ ਅਤੇ ਵੋਟਾਂ ਲਈ ਰਜਿਸਟਰ ਹੋਣ ਦੇ ਆਨਲਾਈਨ ਪ੍ਰਬੰਧ (ਆਨਲਾਈਨ ਵੋਟਰ ਰਜਿਸਟ੍ਰੇਸ਼ਨ ਸਿਸਟਮ) 'ਤੇ ਪਹੁੰਚਯੋਗਤਾ ਲਈ ਦੁਬਾਰਾ ਗੌਰ ਕਰਨਾ,
- ਸਿਆਸਤ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਨੂੰ ਕਈ ਰੂਪਾਂ ਵਿੱਚ ਜਾਣਕਾਰੀ ਦੇਣਾ,
- ਵੋਟਰਾਂ ਨੂੰ ਕਈ ਰੂਪਾਂ ਵਿੱਚ ਜਾਣਕਾਰੀ ਦੇਣਾ,
- ਇਲੈਕਸ਼ਨ ਅਧਿਕਾਰੀਆਂ ਅਤੇ ਜ਼ਿਲ੍ਹਾ ਚੋਣ ਦਫਤਰ ਦੇ ਸਟਾਫ ਲਈ ਸਿਖਲਾਈ ਦੀ ਸਮੱਗਰੀ ਵਿੱਚ ਵਾਧਾ ਕਰਨਾ, ਅਤੇ
- ਆਪਣੀਆਂ ਕੰਮ ਵਾਲੀਆਂ ਥਾਂਵਾਂ 'ਤੇ ਪਹੁੰਚਯੋਗਤਾ ਵਿੱਚ ਸੁਧਾਰ ਕਰਨ ਲਈ ਇਲੈਕਸ਼ਨਜ਼ ਬੀ ਸੀ ਦੇ ਕਰਮਚਾਰੀਆਂ ਤੋਂ ਰਾਇ ਲੈਣਾ।

# ਜਾਣ-ਪਛਾਣ

## ਇਲੈਕਸ਼ਨਜ਼ ਬੀ ਸੀ ਬਾਰੇ

ਇਲੈਕਸ਼ਨਜ਼ ਬੀ ਸੀ ਵਿਧਾਨ ਸਭਾ ਦਾ ਇਕ ਨਿਰਪੱਖ ਦਫਤਰ ਹੈ। ਅਸੀਂ ਸੂਬੇ ਦੀਆਂ ਆਮ ਚੋਣਾਂ, ਉੱਪ-ਚੋਣਾਂ, ਰੀਕਾਲ ਪਟੀਸ਼ਨਾਂ, ਉੱਦਮਾਂ ਬਾਰੇ ਪਟੀਸ਼ਨਾਂ (ਇਨੀਸ਼ੀਏਟਿਵ ਪਟੀਸ਼ਨਜ਼), ਰੈਫਰੰਡਮਾਂ ਅਤੇ ਲੋਕ-ਮੱਤਾਂ ਦਾ ਪ੍ਰਬੰਧ ਕਰਦੇ ਹਾਂ। ਅਸੀਂ ਸਥਾਨਕ ਚੋਣਾਂ ਲਈ ਚੋਣ-ਮੁਹਿੰਮ ਦੇ ਖਰਚਿਆਂ ਅਤੇ ਇਸ਼ਤਿਹਾਰਬਾਜ਼ੀ ਦੇ ਨਿਯਮਾਂ ਦੀ ਨਿਗਰਾਨੀ ਵੀ ਕਰਦੇ ਹਾਂ। ਸਾਡਾ ਆਧਿਕਾਰ ਕਾਨੂੰਨ ਤੋਂ ਆਉਂਦਾ ਹੈ, ਜਿਹਨਾਂ ਕਾਨੂੰਨਾਂ ਵਿੱਚ *ਇਲੈਕਸ਼ਨ ਐਕਟ*, *ਰੀਕਾਲ ਐਂਡ ਇਨੀਸ਼ੀਏਟਿਵ ਐਕਟ*, *ਰੈਫਰੰਡਮ ਐਕਟ*, ਅਤੇ *ਲੋਕਲ ਇਲੈਕਸ਼ਨਜ਼ ਕੈਂਪੇਨ ਫਾਈਨੈਂਸਿੰਗ ਐਕਟ* ਸ਼ਾਮਲ ਹਨ। ਇਹ ਸਾਰੇ ਕਾਨੂੰਨ ਮਿਲ ਕੇ ਸਾਡੀਆਂ ਜ਼ਿੰਮੇਵਾਰੀਆਂ ਪ੍ਰੀਭਾਸ਼ਤ ਕਰਦੇ ਹਨ ਅਤੇ ਮੁੱਖ ਚੋਣ ਅਫਸਰ ਦੇ ਫਰਜ਼ ਨਿਰਧਾਰਤ ਕਰਦੇ ਹਨ। ਮੁੱਖ ਚੋਣ ਅਫਸਰ ਵਿਧਾਨ ਸਭਾ ਦਾ ਸਵਿੰਧਾਨਕ ਅਫਸਰ ਹੈ ਅਤੇ ਸਿੱਧੇ ਤੌਰ 'ਤੇ ਵਿਧਾਨ ਸਭਾ ਨੂੰ ਰਿਪੋਰਟ ਕਰਦਾ ਹੈ। ਇਕ ਅਜ਼ਾਦ ਅਫਸਰ ਦੇ ਤੌਰ 'ਤੇ ਮੁੱਖ ਚੋਣ ਅਫਸਰ ਹੁਕਮ ਅਤੇ ਧਾਰਾਵਾਂ (ਔਰਡਰਜ਼ ਐਂਡ ਰੈਗੂਲੇਸ਼ਨਜ਼) ਬਣਾ ਸਕਦਾ ਹੈ, ਅਤੇ ਉਸ ਲਈ ਬੇਲਾਗ (ਨਿਊਟਰਲ) ਅਤੇ ਨਿਰਪੱਖ ਰਹਿਣਾ ਜ਼ਰੂਰੀ ਹੈ।

## ਸਾਡੀ ਪਹੁੰਚਯੋਗਤਾ ਦੀ ਕਹਾਣੀ

ਇਲੈਕਸ਼ਨਜ਼ ਬੀ ਸੀ ਦਾ ਬ੍ਰਿਟਿਸ਼ ਕੋਲੰਬੀਆ ਦੇ ਲੱਖਾਂ ਲੋਕਾਂ ਅਤੇ ਅਣਗਿਣਤ ਸੰਸਥਾਂਵਾਂ ਨਾਲ ਵਾਹ ਪੈਂਦਾ ਹੈ, ਜਿਹਨਾਂ ਵਿੱਚ ਸ਼ਾਮਲ ਹਨ:

- ਵੋਟਰ;
- ਸਿਆਸਤ ਵਿੱਚ ਸ਼ਮੂਲੀਅਤ ਕਰਨ ਵਾਲੇ, ਜਿਵੇਂ ਉਮੀਦਵਾਰ ਅਤੇ ਸਿਆਸੀ ਪਾਰਟੀਆਂ;
- ਸਾਡੇ ਕਰਮਚਾਰੀ; ਅਤੇ
- ਜਨਤਾ ਦੇ ਹੋਰ ਮੈਂਬਰ, ਜਿਹੜੇ ਬ੍ਰਿਟਿਸ਼ ਕੋਲੰਬੀਆ ਵਿਚਲੇ ਲੋਕਤੰਤਰ ਬਾਰੇ ਸਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਦੇਖਦੇ ਹਨ, ਭਾਵੇਂ ਉਹ ਵੋਟ ਪਾਉਣ ਜਾਂ ਉਮੀਦਵਾਰ ਬਣਨ ਦੇ ਯੋਗ ਹੋਣ ਜਾਂ ਨਾ ਹੋਣ।

ਪਹੁੰਚਯੋਗਤਾ ਬਾਰੇ ਸਾਡਾ ਧਿਆਨ ਸਾਡੇ ਸੰਪਰਕ ਵਿੱਚ ਆਉਣ ਵਾਲੇ ਹਰ ਵਿਅਕਤੀ ਸਾਹਮਣੇ ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਕਰਨਾ, ਉਹਨਾਂ ਨੂੰ ਦੂਰ ਕਰਨਾ ਅਤੇ ਉਹਨਾਂ ਤੋਂ ਰੋਕਥਾਮ ਕਰਨਾ ਹੈ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਸਾਰੀਆਂ ਕਾਰਵਾਈਆਂ, ਸੇਵਾਵਾਂ ਅਤੇ ਵਸੀਲੇ ਪਹੁੰਚਯੋਗ ਅਤੇ ਸੌਖੀ ਤਰ੍ਹਾਂ ਵਰਤੇ ਜਾ ਸਕਣ ਵਾਲੇ ਹੋਣ।

## ਮੁੱਖ ਯੋਗਦਾਨ ਪਾਉਣ ਵਾਲਿਆਂ ਦਾ ਆਭਾਰ

ਇਲੈਕਸ਼ਨਜ਼ ਬੀ ਸੀ ਨੇ ਪਹੁੰਚਯੋਗਤਾ ਬਾਰੇ ਇਹ ਪਲੈਨ ਆਪਣੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਦੀ ਸਹਾਇਤਾ ਨਾਲ ਤਿਆਰ ਕੀਤੀ ਹੈ। ਅਸੀਂ ਆਪਣੇ ਕਮੇਟੀ ਮੈਂਬਰਾਂ ਦਾ ਪਲੈਨ ਬਾਰੇ ਉਹਨਾਂ ਵੱਲੋਂ ਦਿੱਤੀ ਸਲਾਹ ਅਤੇ ਸੇਧ ਲਈ ਅਤੇ ਉਸ ਮਹੱਤਵਪੂਰਨ ਭੂਮਿਕਾ ਲਈ ਧੰਨਵਾਦ ਕਰਦੇ ਹਾਂ ਜਿਹੜੀ ਭੂਮਿਕਾ ਉਹ ਇਲੈਕਸ਼ਨਜ਼ ਬੀ ਸੀ ਦੀ ਚੋਣਾਂ ਵਿੱਚ ਪਹੁੰਚਯੋਗ ਅਤੇ ਸਭ ਦੀ ਸ਼ਮੂਲੀਅਤ ਵਾਲੀਆਂ ਸੇਵਾਵਾਂ ਦੇਣ ਵਿੱਚ ਮਦਦ ਕਰਨ ਵਿੱਚ ਨਿਭਾਉਂਦੇ ਹਨ। ਸਾਡੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਬਾਰੇ ਹੋਰ ਜਾਣਕਾਰੀ ਲੈਣ ਲਈ ਇਲੈਕਸ਼ਨਜ਼ ਬੀ ਸੀ ਦੇ ਵੈੱਬਸਾਈਟ 'ਤੇ ਜਾਉ।

# ਇਲਾਕੇ ਬਾਰੇ ਸਵੀਕ੍ਰਿਤੀ

ਇਲੈਕਸ਼ਨਜ਼ ਬੀ ਸੀ ਸਤਿਕਾਰ ਨਾਲ ਸਵੀਕਾਰ ਕਰਦਾ ਹੈ ਕਿ ਸਾਡਾ ਦਫਤਰ ਇਸ ਸਮੇਂ ਸੌਂਗੀਜ਼ ਅਤੇ ਐਸਕੁਈਮਾਲਟ ਨੇਸ਼ਨਜ਼ ਦੇ ਤੌਰ 'ਤੇ ਜਾਂਣੇ ਜਾਂਦੇ ਲੈਕਵੰਗਨ ਲੋਕਾਂ ਦੇ ਰਵਾਇਤੀ ਇਲਾਕੇ ਵਿੱਚ ਸਥਿਤ ਹੈ। ਅਸੀਂ ਅੱਜ ਦੇ ਬ੍ਰਿਟਿਸ਼ ਕੋਲੰਬੀਆ ਵਿੱਚਲੀਆਂ ਸਾਰੀਆਂ ਫਸਟ ਨੇਸ਼ਨਾਂ ਦੇ ਰਵਾਇਤੀ ਇਲਾਕਿਆਂ ਵਿੱਚ ਸੂਬਾਈ ਚੋਣਾਂ ਦਾ ਪ੍ਰਬੰਧ ਕਰਦੇ ਹਾਂ।

# ਪ੍ਰੀਭਾਸ਼ਾਵਾਂ

ਇਸ ਸੈਕਸ਼ਨ ਵਿੱਚ ਦਿੱਤੀਆਂ ਪ੍ਰੀਭਾਸ਼ਾਵਾਂ ਬੀ ਸੀ ਐਕਸੈਸੀਬਿਲਟੀ ਹਬ, ਬ੍ਰਿਟਿਸ਼ ਕੋਲੰਬੀਆ ਫਰੇਮਵਰਕ ਫਾਰ ਐਕਸੈਸੀਬਿਲਟੀ ਲੈਜਿਸਲੇਸ਼ਨ ਅਤੇ ਐਕਸੈਸੀਬਿਲਟੀ ਲੈਜਿਸਲੇਸ਼ਨ ਪਲੇਨ ਲੈਂਗੂਏਜ ਸਮਰੀ ਵਿੱਚੋਂ ਲਈਆਂ ਗਈਆਂ ਹਨ:

- **ਪਹੁੰਚਯੋਗਤਾ:** ਸਾਰੇ ਲੋਕ ਕੰਮ, ਖੇਡਾਂ ਅਤੇ ਹੋਰ ਰੋਜ਼ਾਨਾ ਸਰਗਰਮੀਆਂ ਰਾਹੀਂ ਆਪਣੇ ਭਾਈਚਾਰਿਆਂ ਵਿੱਚ ਹਿੱਸਾ ਲੈ ਸਕਦੇ ਹਨ। ਪਹੁੰਚਯੋਗਤਾ ਦਾ ਮਤਲਬ ਰੁਕਾਵਟਾਂ ਨੂੰ ਹਟਾਉਣਾ ਅਤੇ ਹਰ ਇਕ ਲਈ ਸ਼ਮੂਲੀਅਤ ਅਤੇ ਅਜ਼ਾਦੀ ਵਧਾਉਣਾ ਹੈ।
- **ਅਨੁਕੂਲ ਬਣ ਸਕਣ ਦੀ ਯੋਗਤਾ:** ਅਪਾਹਜਤਾ ਅਤੇ ਪਹੁੰਚਯੋਗਤਾ ਬਦਲਦੀਆਂ ਰਹਿਣ ਵਾਲੀਆਂ ਧਾਰਨਾਵਾਂ ਹਨ, ਜਿਹੜੀਆਂ ਸੇਵਾਵਾਂ, ਤਕਨੌਲੋਜੀ ਅਤੇ ਵਤੀਰਿਆਂ ਵਿੱਚ ਤਬਦੀਲੀ ਹੋਣ ਨਾਲ ਬਦਲਦੀਆਂ ਰਹਿੰਦੀਆਂ ਹਨ।
- **ਮਦਦ ਕਰਨ ਵਾਲੇ/ਅਨੁਕੂਲ ਬਣਨ ਵਿੱਚ ਮਦਦ ਕਰਨ ਵਾਲੇ ਯੰਤਰ:** ਕੋਈ ਵੀ ਯੰਤਰ ਜਿਹੜਾ ਕਿਸੇ ਵਿਅਕਤੀ ਵਲੋਂ ਕੀਤੇ ਜਾਣ ਵਾਲੇ ਕੰਮ ਵਿੱਚ ਮਦਦ ਕਰਨ ਲਈ ਡਿਜ਼ਾਇਨ ਕੀਤਾ, ਬਣਾਇਆ ਜਾਂ ਤਬਦੀਲ ਕੀਤਾ ਗਿਆ ਹੋਵੇ।
- **ਰੁਕਾਵਟ:** ਕੋਈ ਵੀ ਚੀਜ਼ ਜਿਹੜੀ ਅਪਾਹਜਤਾ ਵਾਲੇ ਵਿਅਕਤੀ ਲਈ ਸਮਾਜ ਵਿੱਚ ਪੂਰੀ ਅਤੇ ਬਰਾਬਰ ਦੀ ਸ਼ਮੂਲੀਅਤ ਕਰਨ ਵਿੱਚ ਅੜਿੱਕਾ ਬਣਦੀ ਹੋਵੇ।
- **ਕੈਂਡੀਡੇਟ ਨੌਮੀਨੇਸ਼ਨ ਐਪਲੀਕੇਸ਼ਨ ਸਿਸਟਮ (ਸੀ ਐੱਨ ਏ ਐੱਸ):** ਇਕ ਵੈੱਬ-ਆਧਾਰਿਤ ਐਪਲੀਕੇਸ਼ਨ, ਜਿਸ ਨੂੰ ਵਿਅਕਤੀ ਆਪਣੀ ਉਮੀਦਵਾਰ ਦੀ ਨਾਮਜ਼ਦਗੀ ਦੀ ਅਰਜ਼ੀ ਤਿਆਰ ਕਰਨ ਅਤੇ ਦਾਖਲ ਕਰਨ ਲਈ ਵਰਤ ਸਕਦੇ ਹਨ।
- **ਸਹਿਯੋਗ (ਕੋਲੈਬੋਰੇਸ਼ਨ):** ਪਹੁੰਚਯੋਗ ਭਾਈਚਾਰਿਆਂ ਨੂੰ ਉਤਸ਼ਾਹਤ ਕਰਨਾ ਇਕ ਸਾਂਝੀ ਜ਼ਿੰਮੇਵਾਰੀ ਹੈ ਅਤੇ ਇਸ ਵਿੱਚ ਹਰ ਇਕ ਵਲੋਂ ਭੂਮਿਕਾ ਨਿਭਾਉਣ ਦੀ ਲੋੜ ਹੈ।
- **ਅਪਾਹਜਤਾ:** ਕਿਸੇ ਵਿਗਾੜ ਅਤੇ ਰੁਕਾਵਟ ਦੇ ਮੇਲ ਕਾਰਨ ਸਮਾਜ ਵਿੱਚ ਪੂਰੀ ਤਰ੍ਹਾਂ ਅਤੇ ਬਰਾਬਰੀ ਨਾਲ ਸ਼ਮੂਲੀਅਤ ਕਰਨ ਵਿੱਚ ਅਯੋਗਤਾ।
- **ਵੰਨ-ਸੁਵੰਨਤਾ:** ਅਪਾਹਜਤਾਵਾਂ ਵਾਲੇ ਲੋਕ ਵੱਖ ਵੱਖ ਪਿਛੋਕੜਾਂ ਵਾਲੇ ਵਿਅਕਤੀ ਹਨ। ਨਸਲ, ਲਿੰਗ, ਲਿੰਗਕ ਰੁਚੀ, ਧਰਮ, ਅਤੇ ਜ਼ਿੰਦਗੀ ਦੇ ਤਜਰਬੇ ਸਮੇਤ ਵਿਅਕਤੀਗਤ ਵਿਸ਼ੇਸ਼ਤਾਵਾਂ ਵਿਅਕਤੀਆਂ ਦੇ ਤਜਰਬਿਆਂ 'ਤੇ ਅਸਰ ਪਾਉਂਦੀਆਂ ਹਨ।
- **ਵਿਗਾੜ:** ਸਰੀਰਕ, ਸੰਵੇਦਕ, ਮਾਨਸਿਕ, ਬੌਧਿਕ ਜਾਂ ਸੰਗਿਆਨਕ ਅਪਾਹਜਤਾ, ਭਾਵੇਂ ਪੱਕੀ ਹੋਵੇ, ਆਰਜ਼ੀ ਜਾਂ ਕਦੇ ਕਦੇ ਹੋਣ ਵਾਲੀ ਹੋਵੇ।
- **ਸ਼ਮੂਲੀਅਤ:** ਅਪਾਹਜ ਲੋਕਾਂ ਦੇ ਸਮੇਤ, ਬੀ ਸੀ ਵਿੱਚ ਰਹਿਣ ਵਾਲੇ ਸਾਰੇ ਲੋਕ ਆਪਣੇ ਭਾਇਚਾਰਿਆਂ ਵਿੱਚ ਪੂਰੀ ਤਰ੍ਹਾਂ ਅਤੇ ਬਰਾਬਰੀ ਨਾਲ ਹਿੱਸਾ ਲੈਣ ਦੇ ਯੋਗ ਹੋਣੇ ਚਾਹੀਦੇ ਹਨ।
- **ਨਿਯਤ ਸੰਸਥਾ:** ਕਿਸੇ ਕਾਨੂੰਨ ਦੇ ਵਿਨਿਯਮਾਂ ਰਾਹੀਂ ਨਿਯਤ ਕੀਤੀ ਸੰਸਥਾ।
- **ਸਵੈ-ਨਿਰਣਾ:** ਅਪਾਹਜਤਾਵਾਂ ਵਾਲੇ ਲੋਕ ਆਪਣੀਆਂ ਚੋਣਾਂ ਖੁਦ ਕਰਨ ਅਤੇ ਆਪਣੇ ਢੰਗ ਨਾਲ ਜੀਣ ਦੇ ਯੋਗ ਹੋਣੇ ਚਾਹੀਦੇ ਹਨ।
- **ਯੂਨੀਵਰਸਲ ਡਿਜ਼ਾਈਨ:** ਅਜਿਹੀਆਂ ਸੇਵਾਵਾਂ ਅਤੇ ਮਾਹੌਲ ਤਿਆਰ ਕਰਨ ਦਾ ਅਮਲ ਜਿਹੜੀਆਂ ਕਈ ਤਰ੍ਹਾਂ ਦੀਆਂ ਯੋਗਤਾਵਾਂ, ਅਪਾਹਜਤਾਵਾਂ ਅਤੇ ਹੋਰ ਵਿਸ਼ੇਸ਼ਤਾਵਾਂ ਵਾਲੇ ਲੋਕਾਂ ਲਈ ਪਹੁੰਚਯੋਗ ਹੋਣ।

# ਸਾਡੇ ਕੰਮ ਨੂੰ ਸੇਧ ਦੇਣ ਵਾਲਾ ਚੌਖਟਾ

ਅਪਾਹਜਤਾਵਾਂ ਵਾਲੇ ਲੋਕ ਵਿਲੱਖਣ ਅਤੇ ਵੱਖ ਵੱਖ ਤਰ੍ਹਾਂ ਦੇ ਹੁੰਦੇ ਹਨ। ਉਹਨਾਂ ਦੀ ਅਪਾਹਜਤਾ ਦੀ ਕਿਸਮ ਅਤੇ ਪ੍ਰਚੰਡਤਾ ਦੇ ਆਧਾਰ 'ਤੇ ਲੋਕਾਂ ਦੇ ਅਪਾਹਜਤਾਵਾਂ ਨਾਲ ਤਜਰਬੇ ਵੱਖ ਵੱਖ ਹੁੰਦੇ ਹਨ। ਕਈ ਲੋਕਾਂ ਵਿੱਚ ਕਈ ਅਪਾਹਜਤਾਵਾਂ ਹੁੰਦੀਆਂ ਹਨ, ਜਿਸ ਨਾਲ ਵਿਲੱਖਣ ਰੁਕਾਵਟਾਂ ਪੈਦਾ ਹੋ ਸਕਦੀਆਂ ਹਨ। ਨਸਲ, ਲਿੰਗ, ਲਿੰਗਕ ਰੁਚੀ, ਧਰਮ, ਆਰਥਿਕ ਸਥਿਤੀ, ਰਿਹਾਇਸ਼ ਦੀ ਥਾਂ (ਪੇਂਡੂ ਜਾਂ ਸ਼ਹਿਰੀ) ਸਮੇਤ ਵਿਅਕਤੀਗਤ ਵਿਸ਼ੇਸ਼ਤਾਵਾਂ ਵਿਅਕਤੀਆਂ ਦੇ ਤਜਰਬਿਆਂ ਉੱਪਰ ਅਸਰ ਪਾਉਂਦੀਆਂ ਹਨ।

## *ਐਕਸੈਸੀਬਲ ਬ੍ਰਿਟਿਸ਼ ਕੋਲੰਬੀਆ ਐਕਟ*

2021 ਵਿੱਚ *ਐਕਸੈਸੀਬਲ ਬ੍ਰਿਟਿਸ਼ ਕੋਲੰਬੀਆ ਐਕਟ* (ਪਹੁੰਚਯੋਗ ਬ੍ਰਿਟਿਸ਼ ਕੋਲੰਬੀਆ ਐਕਟ) ਕਾਨੂੰਨ ਬਣ ਗਿਆ। ਇਹ ਐਕਟ ਪਹੁੰਚਯੋਗਤਾ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਕਰਨ, ਉਹਨਾਂ ਨੂੰ ਦੂਰ ਕਰਨ ਅਤੇ ਉਹਨਾਂ ਤੋਂ ਰੋਕਥਾਮ ਕਰਨ ਲਈ ਇਕ ਚੌਖਟਾ ਪ੍ਰਦਾਨ ਕਰਦਾ ਹੈ। ਅਜਿਹਾ ਕਰਨ ਲਈ, ਇਹ ਐਕਟ ਇਲੈਕਸ਼ਨਜ਼ ਬੀ ਸੀ ਅਤੇ ਹੋਰ ਨਿਯਤ ਸੰਸਥਾਂਵਾਂ ਤੋਂ ਹੇਠ ਲਿਖੀਆਂ ਚੀਜ਼ਾਂ ਦੀ ਮੰਗ ਕਰਦਾ ਹੈ:

- ਪਹੁੰਚਯੋਗਤਾ ਦੀ ਪਲੈਨ ਬਣਾਉਣ ਦੀ
- ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਬਣਾਉਣ ਦੀ, ਅਤੇ
- ਲੋਕਾਂ ਵਲੋਂ ਆਪਣੀ ਰਾਇ ਦੇਣ ਦਾ ਸਾਧਨ ਤਿਆਰ ਕਰਨ ਦੀ।

ਇਲੈਕਸ਼ਨਜ਼ ਬੀ ਸੀ ਲਈ ਆਪਣੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਕਰਨ, ਉਹਨਾਂ ਨੂੰ ਦੂਰ ਕਰਨ ਅਤੇ ਉਹਨਾਂ ਤੋਂ ਰੋਕਥਾਮ ਕਰਨ ਲਈ ਪਹੁੰਚਯੋਗਤਾ ਦੀ ਪਲੈਨ ਬਣਾਉਣਾ ਜ਼ਰੂਰੀ ਹੈ। ਪਲੈਨ ਨੂੰ ਬਣਾਉਣ ਜਾਂ ਉਸ ਨੂੰ ਅਪਡੇਟ ਕਰਨ ਸਮੇਂ ਸਾਡੇ ਲਈ ਆਪਣੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੈ। ਪਲੈਨ ਇਹਨਾਂ ਅਸੂਲਾਂ ਦੀ ਪਾਲਣਾ ਕਰਦੀ ਹੈ:

- ਅਨੁਕੂਲਨਯੋਗਤਾ
- ਸਹਿਯੋਗ
- ਵੰਨ-ਸੁਵੰਨਤਾ
- ਸਭ ਦੀ ਸ਼ਮੂਲੀਅਤ
- ਸਵੈ-ਨਿਰਣਾ
- ਯੂਨੀਵਰਸਲ ਡਿਜ਼ਾਇਨ

ਇਹਨਾਂ ਸ਼ਬਦਾਂ ਦੀਆਂ ਪ੍ਰੀਭਾਸ਼ਾਵਾਂ ਦੇਖਣ ਲਈ, ਉੱਪਰ ਦਿੱਤਾ "ਪ੍ਰੀਭਾਸ਼ਾਵਾਂ" ਵਾਲਾ ਸੈਕਸ਼ਨ ਦੇਖੋ।

ਇਲੈਕਸ਼ਨਜ਼ ਬੀ ਸੀ ਲਈ ਆਪਣੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੇ ਰਾਹ ਵਿੱਚ ਆਉਂਦੀਆਂ ਰੁਕਾਵਟਾਂ ਦੀ ਪਛਾਣ ਕਰਨ ਵਿੱਚ ਸਾਡੀ ਮਦਦ ਕਰਨ ਲਈ ਅਤੇ ਉਹਨਾਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਉਹਨਾਂ ਤੋਂ ਰੋਕਥਾਮ ਕਰਨ ਲਈ ਸਾਨੂੰ ਸਲਾਹ ਦੇਣ ਲਈ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਦਾ ਗਠਨ ਕਰਨਾ ਜ਼ਰੂਰੀ ਹੈ। ਰਾਇ ਦੇਣ ਦਾ ਸਾਧਨ ਤਿਆਰ ਕਰਨ ਲਈ ਇਲੈਕਸ਼ਨਜ਼ ਬੀ ਸੀ ਲਈ ਆਮ ਲੋਕਾਂ ਤੋਂ ਆਪਣੀ ਪਹੁੰਚਯੋਗਤਾ ਦੀ ਪਲੈਨ ਅਤੇ ਆਪਣੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੇ ਰਾਹ ਵਿੱਚ ਆਉਂਦੀਆਂ ਰੁਕਾਵਟਾਂ ਬਾਰੇ ਰਾਇ ਲੈਣ ਲਈ ਕੋਈ ਅਮਲ ਵਿਕਸਤ ਕਰਨਾ ਜ਼ਰੂਰੀ ਹੈ।

## ਹੋਰ ਕਾਨੂੰਨ

ਹੋਰ ਕਾਨੂੰਨ ਅਤੇ ਨਿਯਮ ਵੀ ਹਨ ਜਿਹੜੇ ਇਲੈਕਸ਼ਨਜ਼ ਬੀ ਸੀ ਦੇ ਆਦੇਸ਼ 'ਤੇ ਅਸਰ ਪਾਉਂਦੇ ਹਨ ਅਤੇ ਚੋਣ-ਅਮਲ ਨੂੰ ਪਹੁੰਚਯੋਗ ਬਣਾਉਣ ਦਾ ਸਮਰਥਨ ਕਰਦੇ ਹਨ। ਉਹ ਇਲੈਕਸ਼ਨਜ਼ ਬੀ ਸੀ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ, ਜਿਵੇਂ ਕਿ ਵੋਟਰਾਂ, ਦੇ ਅਧਿਕਾਰਾਂ ਦੀ ਰੱਖਿਆ ਕਰਦੇ ਹਨ। ਇਹਨਾਂ ਕਾਨੂੰਨਾਂ ਵਿੱਚ ਸ਼ਾਮਲ ਹਨ:

- *ਇਲੈਕਸ਼ਨ ਐਕਟ*, ਵਿੱਚ ਸੂਬਾਈ ਪੱਧਰ 'ਤੇ ਵੋਟ ਪਾਉਣ ਦੇ ਰਾਹ ਵਿੱਚ ਆਉਂਦੀਆਂ ਰੁਕਾਵਟਾਂ ਨੂੰ ਘਟਾਉਣ ਅਤੇ ਵੋਟ ਪਾਉਣ ਨੂੰ ਪਹੁੰਚਯੋਗ ਬਣਾਉਣ ਲਈ ਨਿਯਮ ਹਨ। ਵੋਟ ਪਾਉਣ ਦੇ ਕਈ ਢੰਗ ਹਨ, ਸਮੇਤ ਵੋਟਾਂ ਦੇ ਆਖਰੀ ਦਿਨ ਨੂੰ ਵੋਟ ਪਾਉਣਾ, ਐਡਵਾਂਸ ਵੋਟ ਪਾਉਣ ਦੇ ਛੇ ਦਿਨਾਂ ਵਿੱਚ ਵੋਟ ਪਾਉਣਾ, ਡਾਕ ਰਾਹੀਂ ਵੋਟ ਪਾਉਣਾ, ਕਿਸੇ ਵੀ ਜ਼ਿਲ੍ਹਾ ਚੋਣ ਦਫਤਰ ਵਿੱਚ ਵੋਟ ਪਾਉਣਾ, ਅਤੇ ਅਪਾਹਜਤਾਵਾਂ ਵਾਲੇ ਵੋਟਰਾਂ ਲਈ ਟੈਲੀਫੋਨ 'ਤੇ ਮਦਦ ਨਾਲ ਵੋਟ ਪਾਉਣਾ। ਸਾਰੇ ਵੋਟਰ ਸੂਬੇ ਵਿੱਚ ਵੋਟਾਂ ਪਾਉਣ ਦੀ ਕਿਸੇ ਵੀ ਥਾਂ 'ਤੇ ਵੋਟ ਪਾ ਸਕਦੇ ਹਨ। *ਇਲੈਕਸ਼ਨ ਐਕਟ* ਇਹ ਵੀ ਮੰਗ ਕਰਦਾ ਹੈ ਕਿ ਇਲੈਕਸ਼ਨਜ਼ ਬੀ ਸੀ ਦੇ ਕਰਮਚਾਰੀ ਵੋਟਾਂ ਪਾਉਣ ਲਈ ਅਜਿਹੀਆਂ ਥਾਂਵਾਂ ਸਥਾਪਤ ਕਰਨ, ਜਿਹੜੀਆਂ ਥਾਂਵਾਂ, ਜੇ ਵਾਜਬ ਤੌਰ 'ਤੇ ਸੰਭਵ ਹੋਵੇ, ਤਾਂ ਬਹੁਗਿਣਤੀ ਵੋਟਰਾਂ ਲਈ ਸੌਖ ਵਾਲੀਆਂ ਥਾਂਵਾਂ 'ਤੇ ਹੋਣ ਅਤੇ ਸਰੀਰਕ ਅਪਾਹਜਤਾ ਜਾਂ ਤੁਰਨ-ਫਿਰਨ ਵਿੱਚ ਚੁਣੌਤੀਆਂ ਵਾਲੇ ਲੋਕਾਂ ਲਈ ਸੌਖੀ ਤਰ੍ਹਾਂ ਪਹੁੰਚਯੋਗ ਹੋਣ।
- *ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫ੍ਰੀਡਮਜ਼*, ਕੈਨੇਡਾ ਦੇ ਹਰ ਨਾਗਰਿਕ ਨੂੰ ਸੂਬਾਈ ਅਤੇ ਫੈਡਰਲ ਇਲੈਕਸ਼ਨਾਂ ਵਿੱਚ ਵੋਟ ਪਾਉਣ ਅਤੇ ਇਕ ਉਮੀਦਵਾਰ ਵਜੋਂ ਖੜ੍ਹੇ ਹੋਣ ਦਾ ਅਧਿਕਾਰ ਦਿੰਦਾ ਹੈ। ਇਲੈਕਸ਼ਨਜ਼ ਬੀ ਸੀ ਬ੍ਰਿਟਿਸ਼ ਕੋਲੰਬੀਆ ਦੀਆਂ ਸੂਬਾਈ ਇਲੈਕਸ਼ਨਾਂ ਲਈ ਉਸ ਅਧਿਕਾਰ ਦਾ ਰਖਵਾਲਾ ਹੈ। ਵੋਟ ਪਾਉਣ ਜਾਂ ਉਮੀਦਵਾਰ ਦੇ ਤੌਰ 'ਤੇ ਖੜ੍ਹੇ ਹੋਣ ਦੇ ਯੋਗ ਕੈਨੇਡਾ ਦੇ ਹਰ ਇਕ ਵਿਅਕਤੀ ਨੂੰ ਅਪਾਹਜਤਾ ਦੇ ਬਾਵਜੂਦ, ਵੋਟ ਪਾਉਣ ਜਾਂ ਉਮੀਦਵਾਰ ਦੇ ਤੌਰ 'ਤੇ ਖੜ੍ਹੇ ਹੋਣ ਦਾ ਅਧਿਕਾਰ ਹੈ।
- *ਬੀ ਸੀ ਹਿਊਮਨ ਰਾਈਟਸ ਕੋਡ*, ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦੀ ਹੈ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਲੋਕਾਂ ਦੀ ਵਿਤਕਰੇ ਅਤੇ ਤੰਗ ਕੀਤੇ ਜਾਣ ਤੋਂ ਰਾਖੀ ਕਰਦੀ ਹੈ।
- *ਕਨਵੈਨਸ਼ਨ ਔਨ ਦੀ ਰਾਈਟਸ ਆਫ ਪਰਸਨਜ਼ ਵਿਦ ਡਿਸਏਬਲਟੀਜ਼*, ਵਿਤਕਰੇ ਤੋਂ ਬਿਨਾਂ ਅਪਾਹਜਤਾਵਾਂ ਵਾਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਸਵੈਮਾਣ ਦੀ ਰਾਖੀ ਕਰਦੀ ਹੈ।

# ਸਾਡੀ ਪਹੁੰਚਯੋਗਤਾ ਦੀ ਪਲੈਨ ਬਾਰੇ

ਇਹ ਲਿਖਤ ਇਲੈਕਸ਼ਨਜ਼ ਬੀ ਸੀ ਦੀ ਪਹੁੰਚਯੋਗਤਾ ਦੀ ਪਲੈਨ ਹੈ। ਇਸ ਪਲੈਨ ਦਾ ਟੀਚਾ ਸਾਡੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਆਉਂਦੀਆਂ ਰੁਕਾਵਟਾਂ ਦੀ ਪਛਾਣ ਕਰਨਾ, ਉਹਨਾਂ ਨੂੰ ਦੂਰ ਕਰਨਾ ਅਤੇ ਉਹਨਾਂ ਤੋਂ ਰੋਕਥਾਮ ਕਰਨਾ ਹੈ। ਅਸੀਂ ਲੋਕਾਂ ਨਾਲ ਕਈ ਢੰਗਾਂ ਨਾਲ ਸੰਚਾਰ ਕਰਦੇ ਹਾਂ, ਜਿਸ ਵਿੱਚ ਵਿਅਕਤੀਗਤ ਪੱਧਰ 'ਤੇ (ਇਨ-ਪਰਸਨ), ਟੈਲੀਫੋਨ ਅਤੇ ਫੈਕਸ ਰਾਹੀਂ, ਡਾਕ ਅਤੇ ਈਮੇਲ ਰਾਹੀਂ, ਅਤੇ ਸੋਸ਼ਲ ਮੀਡੀਏ ਰਾਹੀਂ ਸੰਚਾਰ ਕਰਨਾ ਸ਼ਾਮਲ ਹੈ। ਵੋਟਰ, ਉਮੀਦਵਾਰ, ਕਰਮਚਾਰੀ ਅਤੇ ਹੋਰ ਲੋਕ ਸਾਡੇ ਵੈੱਬਸਾਈਟ, ਸਾਡੀਆਂ ਗਾਈਡਾਂ ਅਤੇ ਰਿਪੋਰਟਾਂ ਦੀ ਵਰਤੋਂ ਕਰਦੇ ਹਨ। ਉਹ ਇਹਨਾਂ ਦੀ ਵੋਟ ਪਾਉਣ, ਸੂਬਾਈ ਇਲੈਕਸ਼ਨਾਂ, ਉਮੀਦਵਾਰ ਬਣਨ, ਇਲੈਕਸ਼ਨ ਦੌਰਾਨ ਇਸ਼ਤਿਹਾਰਬਾਜ਼ੀ ਦੇ ਨਿਯਮਾਂ ਅਤੇ ਹੋਰ ਕਈ ਚੀਜ਼ਾਂ ਬਾਰੇ ਜਾਣਕਾਰੀ ਲੈਣ ਲਈ ਵਰਤੋਂ ਕਰਦੇ ਹਨ। ਆਪਣੀ ਪਹੁੰਚਯੋਗਤਾ ਦੀ ਪਲੈਨ ਵਿੱਚ ਅਸੀਂ ਇਲੈਕਸ਼ਨਜ਼ ਬੀ ਸੀ ਦੇ ਪਹੁੰਚਯੋਗਤਾ ਨਾਲ ਸੰਬੰਧਿਤ ਫੀਚਰਾਂ, ਰੁਕਾਵਟਾਂ, ਤਰਜੀਹਾਂ, ਅਤੇ ਇਸ ਚੀਜ਼ ਬਾਰੇ ਦੱਸਿਆ ਹੈ ਕਿ ਅਸੀਂ ਆਪਣੀ ਤਰੱਕੀ ਦੀ ਕਿਸ ਤਰ੍ਹਾਂ ਨਿਗਰਾਨੀ ਕਰਾਂਗੇ ਅਤੇ ਤਰੱਕੀ ਦਾ ਕਿਸ ਤਰ੍ਹਾਂ ਮੁੱਲਾਂਕਣ ਕਰਾਂਗੇ। ਅਸੀਂ ਪਲੈਨ ਨੂੰ ਘੱਟੋ ਘੱਟ ਹਰ ਦੋ ਸਾਲਾਂ ਬਾਅਦ ਅਪਡੇਟ ਕਰਾਂਗੇ।

# ਸਾਡੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਬਾਰੇ

## ਕਮੇਟੀ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ

2023 ਵਿੱਚ ਇਲੈਕਸ਼ਨਜ਼ ਬੀ ਸੀ ਨੇ ਪਹੁੰਚਯੋਗਤਾ ਨਾਲ ਸੰਬੰਧਿਤ ਆਪਣੀ ਕਮੇਟੀ ਵਿੱਚ ਅੱਠ ਮੈਂਬਰਾਂ ਨੂੰ ਨਿਯੁਕਤ ਕੀਤਾ। ਇਲੈਕਸ਼ਨਜ਼ ਬੀ ਸੀ ਦੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਸਾਲ ਵਿੱਚ ਘੱਟੋ ਘੱਟ ਦੋ ਵਾਰ ਮਿਲੇਗੀ। ਕਮੇਟੀ ਦੀ ਮੁੱਖ ਭੂਮਿਕਾ ਇਲੈਕਸ਼ਨਜ਼ ਬੀ ਸੀ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ, ਵੋਟਰਾਂ ਅਤੇ ਉਮੀਦਵਾਰਾਂ ਸਮੇਤ, ਨੂੰ ਆਉਂਦੀਆਂ ਰੁਕਾਵਟਾਂ ਦੀ ਪਛਾਣ ਕਰਨ, ਉਹਨਾਂ ਨੂੰ ਦੂਰ ਕਰਨ ਅਤੇ ਉਹਨਾਂ ਤੋਂ ਰੋਕਥਾਮ ਕਰਨ ਵਿੱਚ ਮਦਦ ਕਰਨਾ ਹੈ। ਕਮੇਟੀ ਦੀਆਂ ਜ਼ਿੰਮੇਵਾਰੀਆਂ ਹਨ:

- ਅਪਾਹਜਤਾਵਾਂ, ਪਹੁੰਚਯੋਗਤਾ ਦੀਆਂ ਲੋੜਾਂ ਅਤੇ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਰੁਕਾਵਟਾਂ ਮੁਕਤ ਸੇਵਾਵਾਂ ਦੇਣ ਦੇ ਵਿਸ਼ਿਆਂ ਬਾਰੇ ਮਾਹਰ ਰਾਏ ਦੇਣਾ;
- ਇਲੈਕਸ਼ਨਜ਼ ਬੀ ਸੀ ਨੂੰ ਸਲਾਹ ਮਸ਼ਵਰਾ ਦੇਣਾ ਕਿ ਵੋਟਰਾਂ ਅਤੇ ਇਲੈਕਸ਼ਨਜ਼ ਬੀ ਸੀ ਦੇ ਸੰਪਰਕ ਵਿੱਚ ਆਉਣ ਵਾਲੇ ਦੂਸਰੇ ਲੋਕਾਂ ਨੂੰ ਪਹੁੰਚਯੋਗ ਸੇਵਾਵਾਂ ਕਿਸ ਤਰ੍ਹਾਂ ਦਿੱਤੀਆਂ ਜਾ ਸਕਦੀਆਂ ਹਨ;
- ਇਲੈਕਸ਼ਨਜ਼ ਬੀ ਸੀ ਨੂੰ ਪਬਲਿਕ ਦਾ ਸਾਹਮਣਾ ਕਰਨ, ਇਲੈਕਸ਼ਨ ਨਾਲ ਸੰਬੰਧਿਤ ਸੇਵਾਵਾਂ, ਸੰਦਾਂ ਅਤੇ ਵਸੀਲਿਆਂ ਬਾਰੇ ਰਾਇ ਦੇਣਾ;
- ਇਲੈਕਸ਼ਨਜ਼ ਬੀ ਸੀ ਦੀ ਪਹੁੰਚਯੋਗਤਾ ਬਾਰੇ ਪਲੈਨ ਅਤੇ ਰਾਇ ਲੈਣ ਦੇ ਸਾਧਨ ਬਾਰੇ ਰਾਇ ਦੇਣਾ; ਅਤੇ
- ਅਪਾਹਜਤਾਵਾਂ ਵਾਲੇ ਲੋਕਾਂ ਨੂੰ ਵੋਟਰ ਰਜਿਸਟ੍ਰੇਸ਼ਨ, ਵੋਟ ਪਾਉਣ ਦੇ ਮੌਕਿਆਂ ਅਤੇ ਵੋਟਾਂ ਦੇ ਅਮਲ ਬਾਰੇ ਜਾਣਕਾਰੀ ਦੇਣ ਲਈ ਸਭ ਤੋਂ ਵਧੀਆ ਢੰਗਾਂ ਦੀ ਪਛਾਣ ਕਰਨ ਵਿੱਚ ਮਦਦ ਕਰਨਾ।

## ਕਮੇਟੀ ਦੇ ਮੈਂਬਰਾਂ ਦੀ ਚੋਣ

ਇਲੈਕਸ਼ਨਜ਼ ਬੀ ਸੀ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਉਹਨਾਂ ਲੋਕਾਂ ਦੀ ਪਛਾਣ ਕਰਨ ਲਈ ਖੋਜ ਕੀਤੀ ਜਿਹੜੇ ਅਪਾਹਜਤਾਵਾਂ ਅਤੇ ਪਹੁੰਚਯੋਗਤਾ ਦੇ ਵਿਸ਼ਿਆਂ ਬਾਰੇ ਮਾਹਰ ਹਨ। ਅਸੀਂ ਅੱਠ ਵਿਅਕਤੀਆਂ ਨੂੰ ਸਾਡੀ ਕਮੇਟੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਬਹੁਗਿਣਤੀ ਲੋਕ ਅਪਾਹਜਤਾਵਾਂ ਵਾਲੇ ਲੋਕ ਹਨ ਜਾਂ ਉਹ ਵਿਅਕਤੀ ਹਨ ਜੋ ਅਪਾਹਜਤਾਵਾਂ ਵਾਲੇ ਲੋਕਾਂ ਦਾ ਸਮਰਥਨ ਕਰਦੇ ਹਨ ਜਾਂ ਉਹਨਾਂ ਸੰਸਥਾਂਵਾਂ ਵਿੱਚੋਂ ਹਨ ਜੋ ਅਪਾਹਜਤਾਵਾਂ ਵਾਲੇ ਲੋਕਾਂ ਦਾ ਸਮਰਥਨ ਕਰਦੀਆਂ ਹਨ। ਕਮੇਟੀ ਦੀ ਬਣਤਰ *ਐਕਸੈਸੀਬਲ ਬ੍ਰਿਟਿਸ਼ ਕੋਲੰਬੀਆ ਐਕਟ* ਦੇ ਸੈਕਸ਼ਨ 9 ਦੀਆਂ ਸ਼ਰਤਾਂ ਦੀ ਪੂਰਤੀ ਕਰਦੀ ਹੈ। ਸਾਡੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਬਾਰੇ ਹੋਰ ਜਾਣਕਾਰੀ ਇਲੈਕਸ਼ਨਜ਼ ਬੀ ਸੀ ਦੇ ਵੈੱਬਸਾਈਟ ’ਤੇ ਉਪਲਬਧ ਹੈ।

# ਸਾਨੂੰ ਰਾਇ ਦੇਣ ਦੇ ਸਾਧਨ ਬਾਰੇ

ਅਸੀਂ ਉਹਨਾਂ ਰੁਕਾਵਟਾਂ ਬਾਰੇ ਜਾਣਨਾ ਚਾਹੁੰਦੇ ਹਾਂ, ਜਿਹਨਾਂ ਨਾਲ ਅਪਾਹਜਤਾਵਾਂ ਵਾਲੇ ਲੋਕਾਂ ਦਾ ਉਸ ਸਮੇਂ ਸਾਹਮਣਾ ਹੁੰਦਾ ਹੈ ਜਦੋਂ ਉਹ ਇਲੈਕਸ਼ਨਜ਼ ਬੀ ਸੀ ਨਾਲ ਸੰਪਰਕ ਕਰਦੇ ਹਨ, ਤਾਂ ਕਿ ਅਸੀਂ ਉਹਨਾਂ ਰੁਕਾਵਟਾਂ ਨੂੰ ਦੂਰ ਕਰ ਸਕੀਏ ਅਤੇ ਉਹਨਾਂ ਤੋਂ ਰੋਕਥਾਮ ਕਰ ਸਕੀਏ। ਲੋਕ ਇਲੈਕਸ਼ਨਜ਼ ਬੀ ਸੀ ਨੂੰ ਆਪਣੀ ਰਾਇ ਕਈ ਤਰੀਕਿਆਂ ਨਾਲ ਦੇ ਸਕਦੇ ਹਨ। ਰਾਇ ਸਾਨੂੰ ਭਵਿੱਖ ਦੀ ਪਹੁੰਚਯੋਗਤਾ ਦੀ ਪਲੈਨ ਬਾਰੇ ਜਾਣਕਾਰੀ ਦਿੰਦੀ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੀ ਹੈ ਕਿ ਹਰ ਇਕ ਵਿਅਕਤੀ ਸਾਡੀਆਂ ਸੇਵਾਵਾਂ, ਅਮਲਾਂ ਅਤੇ ਵਸੀਲਿਆਂ ਦੀ ਵਰਤੋਂ ਕਰ ਸਕੇ। ਸੂਬਾਈ ਇਲੈਕਸ਼ਨਾਂ ਦੌਰਾਨ ਇਲੈਕਸ਼ਨਜ਼ ਬੀ ਸੀ ਵੋਟਾਂ ਵਾਲੀਆਂ ਥਾਂਵਾਂ ’ਤੇ ਵੋਟਰਾਂ ਤੋਂ ਰਾਇ ਲੈਣ ਲਈ ਪਹੁੰਚਯੋਗਤਾ ਬਾਰੇ ਰਾਇ ਦੇਣ ਵਾਲੇ ਫਾਰਮ ਦੀ ਵਰਤੋਂ ਕਰਦਾ ਹੈ। ਵੋਟਰ ਇਹ ਫਾਰਮ ਭਰ ਕੇ ਡਰੌਪ ਬੌਕਸ ਵਿੱਚ ਪਾ ਸਕਦੇ ਹਨ। ਜੇ ਵੋਟਰਾਂ ਨੂੰ ਫਾਰਮ ਭਰਨ ਸਮੇਂ ਮਦਦ ਦੀ ਲੋੜ ਹੋਵੇ ਤਾਂ ਚੋਣ ਅਧਿਕਾਰੀ ਉਹਨਾਂ ਦੀ ਮਦਦ ਕਰਨ ਲਈ ਮੌਜੂਦ ਹੁੰਦੇ ਹਨ। ਵੋਟਰ ਸੂਬਾਈ ਇਲੈਕਸ਼ਨਾਂ ਵਿੱਚ ਵੋਟ ਪਾਉਣ ਬਾਰੇ ਆਪਣੀ ਰਾਇ ਸਾਨੂੰ ਫੋਨ ਅਤੇ ਈਮੇਲ ਰਾਹੀਂ ਵੀ ਦਿੰਦੇ ਹਨ। ਇਲੈਕਸ਼ਨ ਤੋਂ ਬਾਅਦ ਇਲੈਕਸ਼ਨਜ਼ ਬੀ ਸੀ ਦੇ ਕਰਮਚਾਰੀ ਇਹ ਦੇਖਣ ਲਈ ਇਸ ਰਾਇ ’ਤੇ ਗੌਰ ਕਰਦੇ ਹਨ ਕਿ ਅਸੀਂ ਅਗਲੀ ਵਾਰੀ ਲਈ ਆਪਣੇ ਵੋਟਾਂ ਦੇ ਅਮਲ ਅਤੇ ਵਸੀਲਿਆਂ ਵਿੱਚ ਕਿਸ ਤਰ੍ਹਾਂ ਸੁਧਾਰ ਕਰ ਸਕਦੇ ਹਾਂ।

ਇਲੈਕਸ਼ਨਜ਼ ਬੀ ਸੀ ਲੋਕਾਂ ਤੋਂ ਸਾਰੇ ਸਾਲ ਦੌਰਾਨ ਵੀ ਰਾਇ ਇਕੱਤਰ ਕਰਦਾ ਹੈ। ਲੋਕ ਸਾਨੂੰ ਕਿਹਨਾਂ ਢੰਗਾਂ ਨਾਲ ਰਾਇ ਦੇ ਸਕਦੇ ਹਨ, ਇਹ ਜਾਣਕਾਰੀ ਅਸੀਂ ਇਲੈਕਸ਼ਨਜ਼ ਬੀ ਸੀ ਦੇ ਵੈੱਬਸਾਈਟ ’ਤੇ ਦਿੱਤੀ ਹੈ। ਉਦਾਹਰਨ ਲਈ ਲੋਕ ਸਾਡੇ ਨਾਲ ਡਾਕ, ਈਮੇਲ, ਫੈਕਸ, ਆਪ ਆ ਕੇ ਜਾਂ ਫੋਨ ਰਾਹੀਂ ਸੰਪਰਕ ਕਰ ਸਕਦੇ ਹਨ। ਅਸੀਂ ਵੀਡੀਓ ਰਿਲੇਅ ਸਰਵਿਸ (ਵੀ ਆਰ ਐੱਸ) ਦੀਆਂ ਕਾਲਾਂ ਦਾ ਸਵਾਗਤ ਕਰਦੇ ਹਾਂ ਅਤੇ ਸਾਡਾ ਇਕ ਟੈਲੀਟਾਇਪਰਾਈਟਰ (ਟੀ ਟੀ ਵਾਈ) ਫੋਨ ਨੰਬਰ ਵੀ ਹੈ। ਅਸੀਂ ਲੋਕਾਂ ਨੂੰ ਸਾਡੀ ਪਹੁੰਚਯੋਗਤਾ ਦੀ ਪਲੈਨ ਅਤੇ ਹੇਠ ਲਿਖੀਆਂ ਚੀਜ਼ਾਂ ਕਰਨ ਦੀ ਕੋਸ਼ਿਸ਼ ਕਰਨ ਸਮੇਂ ਉਹਨਾਂ ਨੂੰ ਆਈਆਂ ਰੁਕਾਵਟਾਂ ਬਾਰੇ ਸਾਨੂੰ ਰਾਇ ਦੇਣ ਲਈ ਉਤਸ਼ਾਹਤ ਕਰਦੇ ਹਾਂ:

- ਵੋਟਾਂ ਲਈ ਰਜਿਸਟਰ ਹੋਣ ਸਮੇਂ;
- ਵੋਟ ਪਾਉਣ ਸਮੇਂ;
- ਉਮੀਦਵਾਰ ਬਣਨ ਸਮੇਂ;
- ਇਲੈਕਸ਼ਨਜ਼ ਬੀ ਸੀ ਕੋਲ ਨੌਕਰੀ ਲੈਣ ਲਈ ਅਰਜ਼ੀ ਕਰਨ ਸਮੇਂ; ਜਾਂ
- ਇਲੈਕਸ਼ਨਜ਼ ਬੀ ਸੀ ਦੇ ਵਸੀਲਿਆਂ, ਜਾਣਕਾਰੀ ਜਾਂ ਦਫਤਰਾਂ ਦੀ ਵਰਤੋਂ ਕਰਨ ਸਮੇਂ।

ਲੋਕ ਆਪਣੀ ਮਰਜ਼ੀ ਅਨੁਸਾਰ ਸਾਡੇ ਨਾਲ ਵੱਧ ਤੋਂ ਵੱਧ ਜਾਂ ਘੱਟ ਤੋਂ ਘੱਟ ਜਾਣਕਾਰੀ ਸਾਂਝੀ ਕਰ ਸਕਦੇ ਹਨ। ਲੋਕਾਂ ਕੋਲ ਸਾਨੂੰ ਆਪਣਾ ਨਾਂ ਅਤੇ ਸੰਪਰਕ ਜਾਣਕਾਰੀ ਦੇਣ ਦੀ ਚੋਣ ਹੋਵੇਗੀ। *ਐਕਸੈਸੀਬਲ ਬ੍ਰਿਟਿਸ਼ ਕੋਲੰਬੀਆ ਐਕਟ* ਸਾਨੂੰ ਕੋਈ ਵੀ ਉਹ ਨਿੱਜੀ ਜਾਣਕਾਰੀ ਇਕੱਤਰ ਕਰਨ ਦੀ ਆਗਿਆ ਦਿੰਦਾ ਹੈ, ਜਿਹੜੀ ਲੋਕ ਪਹੁੰਚਯੋਗਤਾ ਬਾਰੇ ਆਪਣੀ ਰਾਇ ਦੇਣ ਸਮੇਂ ਸਾਨੂੰ ਭੇਜਦੇ ਹਨ। ਜੇ ਲੋਕ ਆਪਣੀ ਸੰਪਰਕ ਜਾਣਕਾਰੀ ਦੇਣਗੇ, ਤਾਂ ਹੋ ਸਕਦਾ ਹੈ ਕਿ ਉਹਨਾਂ ਨੂੰ ਬਾਅਦ ਵਿੱਚ ਆਪਣੇ ਤਜਰਬੇ ਬਾਰੇ ਹੋਰ ਜਾਣਕਾਰੀ ਦੇਣ ਲਈ ਅਸੀਂ ਇਕ ਬੇਨਤੀ ਭੇਜੀਏ।

ਇਸ ਦੇ ਨਾਲ ਹੀ, ਇਲੈਕਸ਼ਨਜ਼ ਬੀ ਸੀ ਇਕ ਵੱਖਰਾ ਅੰਦਰੂਨੀ ਅਮਲ ਤਿਆਰ ਕਰ ਰਿਹਾ ਹੈ, ਜਿਹੜਾ ਕਰਮਚਾਰੀਆਂ ਨੂੰ ਆਪਣੀ ਰਾਇ ਦੇਣ ਅਤੇ ਇਲੈਕਸ਼ਨਜ਼ ਬੀ ਸੀ ਦੇ ਹੈੱਡ ਆਫਿਸ ਅਤੇ ਵੇਅਰਹਾਊਸ ਵਿੱਚ ਪਹੁੰਚਯੋਗਤਾ ਬਾਰੇ ਜਾਣਕਾਰੀ ਦੇਣ ਦੀ ਆਗਿਆ ਦੇਵੇਗਾ। ਜ਼ਿਲ੍ਹੇ ਦੇ ਚੋਣ ਅਫਸਰ ਅਤੇ ਡਿਪਟੀ ਚੋਣ ਅਫਸਰ ਜ਼ਿਲ੍ਹੇ ਦੇ ਚੋਣ ਦਫਤਰਾਂ ਅਤੇ ਵੋਟਾਂ ਵਾਲੀਆਂ ਥਾਂਵਾਂ ਬਾਰੇ ਰਾਇ ਅਤੇ ਜਾਣਕਾਰੀ ਦੇਣ ਦੇ ਯੋਗ ਹੋਣਗੇ।

## ਸਲਾਹ ਮਸ਼ਵਰਾ

ਆਪਣੀਆਂ ਸੇਵਾਵਾਂ, ਅਮਲਾਂ ਅਤੇ ਵਸੀਲਿਆਂ ਦੀ ਪਹੁੰਚਯੋਗਤਾ ਬਾਰੇ ਸੁਧਾਰ ਕਰਨ ਲਈ ਇਲੈਕਸ਼ਨਜ਼ ਬੀ ਸੀ ਗਰੁੱਪਾਂ, ਸੰਸਥਾਂਵਾਂ ਅਤੇ ਲੋਕਾਂ ਨਾਲ ਸਲਾਹ ਮਸ਼ਵਰਾ ਕਰਦਾ ਹੈ। ਇਸ ਵਿੱਚ ਆਪਣੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਨਾਲ ਬਕਾਇਦਗੀ ਨਾਲ ਸਲਾਹ ਮਸ਼ਵਰਾ ਕਰਨਾ ਸ਼ਾਮਲ ਹੈ। ਉਦਾਹਰਨ ਲਈ, ਕਮੇਟੀ ਨੇ ਸਾਡੀ ਪਹੁੰਚਯੋਗਤਾ ਪਲੈਨ ’ਤੇ ਵਿਚਾਰ ਕਰਨ ਅਤੇ ਉਸ ਵਿੱਚ ਸੁਧਾਰ ਕਰਨ ਵਿੱਚ ਸਾਡੀ ਮਦਦ ਕੀਤੀ ਸੀ।

ਇਲੈਕਸ਼ਨਜ਼ ਬੀ ਸੀ ਵੋਟਾਂ ਨੂੰ ਹੋਰ ਪਹੁੰਚਯੋਗ ਬਣਾਉਣ ਲਈ ਮਦਦ ਲੈਣ ਲਈ ਬਹੁਤੀ ਵਾਰ ਇਲੈਕਸ਼ਨ ਦਾ ਪ੍ਰਬੰਧ ਕਰਨ ਵਾਲੇ ਅਦਾਰਿਆਂ ਨਾਲ ਮਿਲ ਕੇ ਕੰਮ ਕਰਦਾ ਹੈ। ਉਦਾਹਰਨ ਲਈ, ਅਸੀਂ ਸੈਕਰੀਟੇਰੀਅਟ ਫਾਰ ਇਲੈਕਟੋਰਲ ਕੋਆਰਡੀਨੇਸ਼ਨਜ਼ ਵੋਟਰਜ਼ ਵਿਦ ਡਿਸਏਬਲਿਟੀ ਕਮਿਊਨਿਟੀ ਆਫ ਪ੍ਰੈਕਟਿਸ ਦੇ ਮੈਂਬਰ ਹਾਂ। ਇਲੈਕਸ਼ਨ ਦੇ ਪ੍ਰਬੰਧਕਾਂ ਦਾ ਸਾਰੇ ਕੈਨੇਡਾ ਦਾ ਇਹ ਗਰੁੱਪ ਅਪਾਹਜਤਾਵਾਂ ਵਾਲੇ ਵੋਟਰਾਂ ਨੂੰ ਸੇਵਾ ਪ੍ਰਦਾਨ ਕਰਨ ਨਾਲ ਸੰਬੰਧਿਤ ਆਪਣੇ ਅਮਲਾਂ ਨੂੰ ਸਾਂਝੇ ਕਰਦਾ ਹੈ ਅਤੇ ਅਜਿਹੇ ਨਵੇਂ ਉੱਦਮਾਂ ਦੀ ਪਛਾਣ ਕਰਦਾ ਹੈ ਜਿਹਨਾਂ ਲਈ ਅਸੀਂ ਰਲ ਕੇ ਕੰਮ ਕਰ ਸਕਦੇ ਹਾਂ। ਇਹ ਗਰੁੱਪ ਉਹਨਾਂ ਸੰਦਾਂ ਅਤੇ ਵਸੀਲਿਆਂ ਦੀ ਪਛਾਣ ਵੀ ਕਰਦਾ ਹੈ, ਜਿਹਨਾਂ ਨੂੰ ਇਲੈਕਸ਼ਨਜ਼ ਬੀ ਸੀ ਅਤੇ ਗਰੁੱਪ ਦੇ ਹੋਰ ਮੈਂਬਰ ਅਪਾਹਜਤਾਵਾਂ ਵਾਲੇ ਵੋਟਰਾਂ ਨੂੰ ਦਿੱਤੀਆਂ ਜਾਂਦੀਆਂ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਵਰਤ ਸਕਦੇ ਹਨ।

ਇਲੈਕਸ਼ਨਜ਼ ਬੀ ਸੀ *ਇਲੈਕਸ਼ਨ ਐਕਟ* ਦੇ ਕਾਰਜ ਬਾਰੇ ਇਲੈਕਸ਼ਨ ਐਡਵਾਈਜ਼ਰੀ ਕਮੇਟੀ ਨਾਲ ਵੀ ਸਲਾਹ ਮਸ਼ਵਰਾ ਕਰਦਾ ਹੈ, ਖਾਸ ਤੌਰ ’ਤੇ ਕਾਨੂੰਨ ਬਾਰੇ ਤਬਦੀਲੀ ਜਾਂ ਐਕਟ ਹੇਠਲੇ ਵਿਨਿਯਮਾਂ ਬਾਰੇ ਸਿਫਾਰਿਸ਼ਾਂ ਕਰਨ ਤੋਂ ਪਹਿਲਾਂ। ਪਿਛਲੇ ਕਈ ਸਾਲਾਂ ਦੌਰਾਨ ਇਹਨਾਂ ਸਲਾਹ ਮਸ਼ਵਰਿਆਂ ਵਿੱਚ ਬਹੁਤੀ ਵਾਰ ਚੋਣ-ਅਮਲ ਦੀ ਪਹੁੰਚਯੋਗਤਾ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਇਲੈਕਸ਼ਨ ਐਡਵਾਈਜ਼ਰੀ ਕਮੇਟੀ *ਇਲੈਕਸ਼ਨ ਐਕਟ* ਦੇ ਸੈਕਸ਼ਨ 14 ਹੇਠ ਸਥਾਪਤ ਕੀਤੀ ਗਈ ਹੈ। ਇਸ ਵਿੱਚ ਕਮੇਟੀ ਦੇ ਪ੍ਰਧਾਨ ਵਜੋਂ ਮੁੱਖ ਚੋਣ ਅਫਸਰ, ਵਿਧਾਨ ਸਭਾ ਵਿੱਚ ਮੌਜੂਦ ਹਰ ਸਿਆਸੀ ਪਾਰਟੀ ਦੇ ਦੋ ਮੈਂਬਰ, ਹਰ ਉਸ ਪਾਰਟੀ ਦਾ ਇਕ ਇਕ ਮੈਂਬਰ ਸ਼ਾਮਲ ਹੈ ਜਿਸ ਨੇ ਪਿਛਲੀ ਇਲੈਕਸ਼ਨ ਵਿੱਚ ਘੱਟੋ ਘੱਟ ਅੱਧੇ ਚੋਣ ਹਲਕਿਆਂ ਵਿੱਚ ਉਮੀਦਵਾਰ ਖੜ੍ਹੇ ਕੀਤੇ ਸਨ, ਪਰ ਉਸ ਦਾ ਕੋਈ ਵੀ ਨੁਮਾਇੰਦਾ ਵਿਧਾਨ ਸਭਾ ਵਿੱਚ ਨਹੀਂ ਹੈ।

ਇਸ ਤੋਂ ਬਿਨਾਂ, ਇਲੈਕਸ਼ਨਜ਼ ਬੀ ਸੀ ਪੂਰੇ ਸਾਲ ਦੌਰਾਨ ਕਾਨਫਰੰਸਾਂ ਵਿੱਚ ਹਾਜ਼ਰੀ ਭਰਦਾ ਹੈ ਅਤੇ ਵਰਕਸ਼ਾਪਾਂ ਲਾਉਂਦਾ ਹੈ, ਸਮੇਤ ਉਹਨਾਂ ਕਾਨਫਰੰਸਾਂ ਦੇ, ਜਿਹਨਾਂ ਵਿੱਚ ਅਪਾਹਜਤਾਵਾਂ ਵਾਲੇ ਲੋਕ ਹਾਜ਼ਰ ਹੋਏ ਸਨ। ਕਾਨਫਰੰਸਾਂ ਅਤੇ ਵਰਕਸ਼ਾਪਾਂ ਵਿੱਚ ਅਸੀਂ ਇਲੈਕਸ਼ਨਜ਼ ਬੀ ਸੀ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੇ ਤਜਰਬਿਆਂ ਬਾਰੇ ਰਾਇ ਇਕੱਤਰ ਕਰਦੇ ਹਾਂ, ਜਿਵੇਂ ਕਿ ਵੋਟ ਪਾਉਣ ਵੇਲੇ ਜਾਂ ਵੋਟਾਂ ਵਾਲੀਆਂ ਥਾਂਵਾਂ ’ਤੇ ਕੰਮ ਕਰਨ ਵੇਲੇ ਹੋਏ ਤਜਰਬਿਆਂ ਬਾਰੇ।

# ਇਲੈਕਸ਼ਨਜ਼ ਬੀ ਸੀ ਵਿਖੇ ਪਹੁੰਚਯੋਗਤਾ ਦੇ ਫੀਚਰ

ਇਸ ਹਿੱਸੇ ਵਿੱਚ ਉਹਨਾਂ ਫੀਚਰਾਂ ਬਾਰੇ ਦੱਸਿਆ ਗਿਆ ਹੈ, ਜਿਹੜੇ ਸਾਡੀ ਉਮੀਦ ਅਨੁਸਾਰ ਹਰ ਇਕ ਲਈ ਇਲੈਕਸ਼ਨਜ਼ ਬੀ ਸੀ ਨਾਲ ਸੰਪਰਕ ਕਰਨਾ ਸੌਖਾ ਬਣਾਉਂਦੇ ਹਨ। ਅਖੀਰ ਨੂੰ, ਲੋਕਾਂ ਦੇ ਤਜਰਬੇ ਇਹ ਫੈਸਲਾ ਕਰਦੇ ਹਨ ਕਿ ਕੀ ਇਹ ਫੀਚਰ ਸੱਚੀਂ ਹੀ ਪਹੁੰਚਯੋਗ ਹਨ ਅਤੇ ਉਹਨਾਂ ਦੇ ਤਜਰਬੇ ਉਹਨਾਂ ਢੰਗਾਂ ਦੀ ਪਛਾਣ ਕਰਨਗੇ ਜਿਹਨਾਂ ਨਾਲ ਅਸੀਂ ਤਬਦੀਲੀ ਅਤੇ ਸੁਧਾਰ ਕਰ ਸਕਾਂਗੇ। ਹੋਰ ਹਿੱਸਿਆਂ ਵਿੱਚ ਅਸੀਂ ਇਲੈਕਸ਼ਨਜ਼ ਬੀ ਸੀ ਨਾਲ ਸੰਬੰਧਿਤ ਰੁਕਾਵਟਾਂ ਅਤੇ ਸਾਡੀਆਂ ਤਰਜੀਹਾਂ ਬਾਰੇ ਗੱਲ ਕਰਦੇ ਹਾਂ।

# ਜਾਣਕਾਰੀ ਅਤੇ ਸੰਚਾਰ

ਇਲੈਕਸ਼ਨਜ਼ ਬੀ ਸੀ ਇਲੈਕਸ਼ਨਾਂ ਅਤੇ ਵੋਟਰਾਂ ਦੀ ਰਜਿਸਟ੍ਰੇਸ਼ਨ ਬਾਰੇ ਕਈ ਢੰਗਾਂ ਨਾਲ ਜਾਣਕਾਰੀ ਸਾਂਝੀ ਕਰਦਾ ਹੈ। ਉਦਾਹਰਨ ਲਈ, ਇਲੈਕਸ਼ਨ ਦਾ ਐਲਾਨ ਹੋਣ ਤੋਂ ਬਾਅਦ, ਇਲੈਕਸ਼ਨਜ਼ ਬੀ ਸੀ ਸੂਬੇ ਦੇ ਹਰ ਰਜਿਸਟਰ ਹੋਏ ਵੋਟਰ ਨੂੰ ਵੋਟ ਕਿੱਥੇ ਪਾਉਣੀ ਹੈ ਨਾਂ ਦਾ ਕਾਰਡ ਭੇਜਦਾ ਹੈ। ਇਸ ਕਾਰਡ ’ਤੇ ਵੋਟ ਕਦੋਂ ਪਾਉਣੀ ਹੈ, ਕਿੱਥੇ ਪਾਉਣੀ ਹੈ ਅਤੇ ਕਿਸ ਤਰ੍ਹਾਂ ਪਾਉਣੀ ਹੈ ਬਾਰੇ ਨਿੱਜੀ ਜਾਣਕਾਰੀ ਹੁੰਦੀ ਹੈ। ਕਾਰਡ ’ਤੇ ਦਿੱਤੀ ਜਾਣਕਾਰੀ ਇਲੈਕਸ਼ਨਜ਼ ਬੀ ਸੀ ਦੇ ਵੈੱਬਸਾਈਟ ’ਤੇ ਵੀ ਉਪਲਬਧ ਹੁੰਦੀ ਹੈ।

ਵੋਟਾਂ ਦੇ ਮੌਕਿਆਂ ਬਾਰੇ ਅਸੀਂ ਕਈ ਰੂਪਾਂ ਵਿੱਚ ਇਸ਼ਤਿਹਾਰ ਦਿੰਦੇ ਹਾਂ, ਜਿਹਨਾਂ ਵਿੱਚ ਰੇਡੀਓ, ਆਨਲਾਈਨ, ਪ੍ਰਿੰਟ ਅਤੇ ਅਖਬਾਰਾਂ ਵਿੱਚ ਇਸ਼ਤਿਹਾਰ ਦੇਣਾ ਸ਼ਾਮਲ ਹੈ। ਉਦਾਹਰਨ ਲਈ, ਪਿਛਲੇ ਸਮੇਂ ਵਿੱਚ ਅਸੀਂ ਇਕ ਆਰਟੀਕਲ ਵੈਸਟ ਕੋਸਟ ਰੀਡਰ ਵਿੱਚ ਛਾਪਿਆ ਸੀ, ਜਿਹੜਾ ਸੌਖੀ ਭਾਸ਼ਾ ਵਿੱਚ ਛਪਣ ਵਾਲਾ ਅਖਬਾਰ ਹੈ, ਅਤੇ ਡਿਕੋਡਾ ਲਿਟਰੇਸੀ ਸੌਲੂਸ਼ਨਜ਼ ਅਤੇ ਕੈਮੋਸਨ ਕਾਲਿਜ ਵਲੋਂ ਪ੍ਰਕਾਸ਼ਤ ਕੀਤਾ ਜਾਂਦਾ ਆਨਲਾਈਨ ਵਸੀਲਾ ਹੈ। ਸਾਡੇ ਇਸ਼ਤਿਹਾਰਾਂ ਵਿੱਚ ਪਹੁੰਚਯੋਗਤਾ ਦੇ ਫੀਚਰ ਹੁੰਦੇ ਹਨ, ਜਿਵੇਂ ਵੀਡੀਓ ਵਾਲੀਆਂ ਐਡਾਂ ਵਿੱਚ ਕੈਪਸ਼ਨਾਂ। ਇਸ ਦੇ ਨਾਲ ਹੀ ਪਿਛਲੇ ਸਮੇਂ ਵਿੱਚ ਅਸੀਂ ਕੈਨੇਡੀਅਨ ਨੈਸ਼ਨਲ ਇੰਸਟੀਚਿਊਟ ਫਾਰ ਦੀ ਬਲਾਈਂਡ ਦੇ ਮੈਂਬਰਾਂ ਨਾਲ “ਟੈਲੀਫੋਨ ਰਾਹੀਂ ਮਦਦ ਨਾਲ ਵੋਟ ਪਾਉਣ (ਅਸਿਸਟਿਡ ਟੈਲੀਫੋਨ ਵੋਟਿੰਗ)” ਬਾਰੇ ਜਾਣਕਾਰੀ ਸਾਂਝੀ ਕਰਨ ਲਈ ਇਸ ਇੰਸਟੀਚਿਊਟ ਨਾਲ ਮਿਲ ਕੇ ਕੰਮ ਕੀਤਾ ਸੀ (ਵੋਟ ਪਾਉਣ ਦੇ ਇਸ ਮੌਕੇ ਬਾਰੇ ਜਾਣਕਾਰੀ ਲੈਣ ਲਈ ਹੇਠਾਂ “ਟੈਲੀਫੋਨ ਰਾਹੀਂ ਮਦਦ ਨਾਲ ਵੋਟ ਪਾਉਣੀ (ਅਸਿਸਟਿਡ ਟੈਲੀਫੋਨ ਵੋਟਿੰਗ)” ਵਾਲਾ ਸੈਕਸ਼ਨ ਦੇਖੋ। ਅਸੀਂ ਵੋਟਾਂ ਲਈ ਰਜਿਸਟਰ ਹੋਣ ਬਾਰੇ ਵਸੀਲੇ ਅਤੇ ਵੋਟਾਂ ਬਾਰੇ ਹੋਰ ਸਮੱਗਰੀ ਕਈ ਭਾਸ਼ਾਵਾਂ ਵਿੱਚ ਛਾਪਦੇ ਹਾਂ। ਸਾਡੀ ਹੋਰ ਢੰਗਾਂ ਬਾਰੇ ਦੇਖਣ ਦੀ ਵੀ ਯੋਜਨਾ ਹੈ ਤਾਂ ਕਿ ਅਸੀਂ ਆਪਣੇ ਵਸੀਲੇ ਹੋਰ ਕਈ ਰੂਪਾਂ ਵਿੱਚ ਤਿਆਰ ਕਰ ਸਕੀਏ ਅਤੇ ਸਾਈਨ ਲੈਂਗੂਏਜ ਵਿੱਚ ਵੀਡੀਓ ਤਿਆਰ ਕਰ ਸਕੀਏ।

ਸਾਡਾ ਆਊਟਰੀਚ ਪ੍ਰੋਗਰਾਮ ਇਲੈਕਸ਼ਨਾਂ, ਵੋਟ ਪਾਉਣ, ਵੋਟਾਂ ਲਈ ਰਜਿਸਟਰ ਹੋਣ ਅਤੇ ਨੌਕਰੀ ਦੇ ਮੌਕਿਆਂ ਬਾਰੇ ਜਾਣਕਾਰੀ ਅਪਾਹਜਤਾਵਾਂ ਵਾਲੇ ਲੋਕਾਂ ਨਾਲ ਸਾਂਝੀ ਕਰਦਾ ਹੈ। ਅਸੀਂ ਇਹ ਜਾਣਕਾਰੀ ਕਾਨਫਰੰਸਾਂ ਵਿੱਚ ਪੇਸ਼ਕਾਰੀਆਂ ਅਤੇ ਨੁਮਾਇਸ਼ ਵਾਲੇ ਬੂਥਾਂ ਰਾਹੀਂ ਸਾਂਝੀ ਕਰਦੇ ਹਾਂ। ਉਦਾਹਰਨ ਲਈ, ਅਸੀਂ ਕਈ ਸਾਲਾਂ ਤੋਂ ਇਨਕਲੂਜ਼ਨ ਬੀ ਸੀ ਵਿਖੇ ਪੇਸ਼ਕਾਰੀਆਂ ਕੀਤੀਆਂ ਹਨ ਅਤੇ ਵਰਕਸ਼ਾਪਾਂ ਲਾਈਆਂ ਹਨ। ਇਸ ਦੇ ਨਾਲ ਹੀ ਅਸੀਂ ਇਹ ਜਾਣਕਾਰੀ ਸੂਬੇ ਭਰ ਵਿੱਚ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਸੇਵਾ ਦੇਣ ਵਾਲੀਆਂ ਸੰਸਥਾਂਵਾਂ ਨੂੰ ਈਮੇਲ ਜਾਂ ਚਿੱਠੀ ਰਾਹੀਂ ਭੇਜਦੇ ਹਾਂ, ਤਾਂ ਕਿ ਉਹ ਆਪਣੇ ਨੈਟਵਰਕਾਂ ਵਿੱਚ ਸਾਡੀ ਜਾਣਕਾਰੀ ਸਾਂਝੀ ਕਰਨ ਵਿੱਚ ਸਾਡੀ ਮਦਦ ਕਰ ਸਕਨ। ਅਸੀਂ ਸੂਬੇ ਦੇ ਸਾਰੇ ਇਲਾਕਿਆਂ ਵਿੱਚ, ਸ਼ਹਿਰੀ ਅਤੇ ਪੇਂਡੂ ਇਲਾਕਿਆਂ ਸਮੇਤ, ਆਪਣੀ ਜਾਣਕਾਰੀ ਸਾਂਝੀ ਕਰਨ ਲਈ ਲਾਇਬ੍ਰੇਰੀਆਂ, ਸਰਵਿਸ ਬੀ ਸੀ ਦੇ ਦਫਤਰਾਂ ਅਤੇ ਮਿਊਂਸਪੈਲਟੀਆਂ ਨਾਲ ਵੀ ਮਿਲ ਕੇ ਕੰਮ ਕਰਦੇ ਹਾਂ।

# ਵੋਟ ਪਾਉਣ ਦੇ ਢੰਗ

ਇਲੈਕਸ਼ਨਜ਼ ਬੀ ਸੀ ਦਾ ਮਾਡਲ “ਵੋਟ ਕਿਤੇ ਵੀ ਪਾਉ” ਦਾ ਮਾਡਲ ਹੈ, ਇਸ ਦਾ ਭਾਵ ਹੈ ਕਿ ਵੋਟਰ ਸੂਬੇ ਵਿੱਚ ਵੋਟ ਪਾਉਣ ਵਾਲੀ ਕਿਸੇ ਵੀ ਥਾਂ ’ਤੇ ਵੋਟ ਪਾ ਸਕਦਾ ਹੈ। ਇਲੈਕਸ਼ਨ ਦੌਰਾਨ ਇਲੈਕਸ਼ਨਜ਼ ਬੀ ਸੀ ਵੋਟ ਪਾਉਣ ਵਾਲੀਆਂ ਥਾਂਵਾਂ ਦੀ ਸੂਚੀ ਆਪਣੇ ਵੈੱਬਸਾਈਟ ਅਤੇ ਸੂਬੇ ਦੇ ਹਰ ਰਜਿਸਟਰ ਹੋਏ ਵੋਟਰ ਨੂੰ ਭੇਜੇ ਜਾਣ ਵਾਲੇ ‘ਵੋਟ ਕਿੱਥੇ ਪਾਉਣੀ ਹੈ’ ਨਾਂ ਦੇ ਕਾਰਡ ’ਤੇ ਦਰਜ ਕਰਦਾ ਹੈ। ਇਹ ਸੂਚੀ ਅਸੀਂ ਕਮਿਊਨਿਟੀ ਦੀਆਂ ਅਖਬਾਰਾਂ ਵਿੱਚ ਵੀ ਛਪਵਾਉਂਦੇ ਹਾਂ। ਇਹ ਜਾਣਨ ਲਈ ਕਿ ਵੋਟ ਕਿੱਥੇ ਪਾਉਣੀ ਹੈ, ਵੋਟਰ ਸਾਡਾ ਵੈੱਬ ਐਪ ਵਰਤ ਸਕਦੇ ਹਨ ਜਾਂ ਇਲੈਕਸ਼ਨਜ਼ ਬੀ ਸੀ ਨੂੰ ਫੋਨ ਕਰ ਸਕਦੇ ਹਨ। ਇਸ ਦੇ ਨਾਲ ਹੀ ਅਸੀਂ ਵੋਟ ਪਾਉਣ ਦੇ ਢੰਗਾਂ ਬਾਰੇ ਜਾਣਕਾਰੀ ਹੇਠਾਂ ਦਿੱਤੀਆਂ ਥਾਂਵਾਂ ’ਤੇ ਸਾਂਝੀ ਕਰਦੇ ਹਾਂ:

- ਆਪਣੇ ਇਸ਼ਤਿਹਾਰਾਂ ਵਿੱਚ,
- ਪੇਸ਼ਕਾਰੀਆਂ ਦੌਰਾਨ,
- ਆਪਣੇ ਵੈੱਬਸਾਈਟ ’ਤੇ, ਅਤੇ
- ਵੋਟਰ ਗਾਈਡ ਵਿੱਚ ਜਿਹੜੀ ਅਸੀਂ ਸੂਬਾਈ ਇਲੈਕਸ਼ਨ ਦੌਰਾਨ ਹਰ ਘਰ ਨੂੰ ਡਾਕ ਰਾਹੀਂ ਭੇਜਦੇ ਹਾਂ।

ਸੂਬਾਈ ਇਲੈਕਸ਼ਨ ਵਿੱਚ ਵੋਟ ਪਾਉਣ ਦੇ ਢੰਗਾਂ ਦਾ ਸਾਰ ਇਸ ਤਰ੍ਹਾਂ ਹੈ:

### ਐਡਵਾਂਸ ਵਿੱਚ ਵੋਟ ਪਾਉ

ਸੂਬਾਈ ਇਲੈਕਸ਼ਨਾਂ ਦੌਰਾਨ ਐਡਵਾਂਸ ਵੋਟ ਪਾਉਣ ਲਈ ਛੇ ਦਿਨ ਹੁੰਦੇ ਹਨ। ਐਡਵਾਂਸ ਵਿੱਚ ਵੋਟ ਪਾਉਣ ਵਾਲੀਆਂ ਥਾਂਵਾਂ ਸਥਾਨਕ ਸਮੇਂ ਅਨੁਸਾਰ ਸਵੇਰ ਦੇ 8 ਵਜੇ ਤੋਂ ਰਾਤ ਦੇ 8 ਵਜੇ ਤੱਕ ਖੁੱਲ੍ਹੀਆਂ ਹੁੰਦੀਆਂ ਹਨ। ਐਡਵਾਂਸ ਵਿੱਚ ਵੋਟ ਪਾਉਣ ਲਈ ਵੋਟਰਾਂ ਕੋਲ ਕਿਸੇ ਖਾਸ ਕਾਰਨ ਹੋਣ ਦੀ ਲੋੜ ਨਹੀਂ ਹੈ – ਇਹ ਚੋਣ ਸਾਰੇ ਯੋਗ ਵੋਟਰਾਂ ਲਈ ਹੈ। ਜੇ ਕੋਈ ਵਿਅਕਤੀ ਪਹਿਲਾਂ ਰਜਿਸਟਰ ਨਹੀਂ ਹੋਇਆ ਜਾਂ ਜਿਸ ਦੀ ਜਾਣਕਾਰੀ ਠੀਕ ਨਹੀਂ ਹੈ, ਉਹ ਵੋਟ ਪਾਉਣ ਸਮੇਂ ਰਜਿਸਟਰ ਹੋ ਸਕਦਾ ਹੈ ਜਾਂ ਨਵੀਂ ਸਹੀ ਜਾਣਕਾਰੀ ਦੇ ਸਕਦਾ ਹੈ। ਲੋਕ ਐਡਵਾਂਸ ਵੋਟ ਪਾਉਣ ਵਾਲੀ ਕਿਸੇ ਵੀ ਥਾਂ ’ਤੇ ਵੋਟ ਪਾ ਸਕਦੇ ਹਨ, ਅਤੇ ਐਡਵਾਂਸ ਵੋਟਾਂ ਵਾਲੀਆਂ ਸਾਰੀਆਂ ਥਾਂਵਾਂ ਤੁਰਨ-ਫਿਰਨ ਵਾਲੇ ਯੰਤਰਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਸਰੀਰਕ ਤੌਰ ’ਤੇ ਪਹੁੰਚਯੋਗ ਹੁੰਦੀਆਂ ਹਨ।

### ਵੋਟ ਪਾਉਣ ਦੇ ਆਖਰੀ ਦਿਨ ਨੂੰ ਵੋਟ ਪਾਉਣੀ

ਵੋਟ ਪਾਉਣ ਦਾ ਆਖਰੀ ਦਿਨ ਇਲੈਕਸ਼ਨ ਦੇ ਐਲਾਨ ਤੋਂ ਬਾਅਦ ਦਾ 28ਵਾਂ ਦਿਨ ਹੁੰਦਾ ਹੈ। ਵੋਟ ਪਾਉਣ ਦੇ ਆਖਰੀ ਦਿਨ ਨੂੰ ਵੋਟ ਪਾਉਣ ਲਈ, ਇਕ ਵੋਟਰ ਪੈਸਿਫਿਕ ਸਮੇਂ ਮੁਤਾਬਕ ਸਵੇਰ ਦੇ 8 ਵਜੇ ਤੋਂ ਲੈ ਕੇ ਰਾਤ ਦੇ 8 ਵਜੇ ਤੱਕ ਕਿਸੇ ਵੀ ਵੋਟ ਪਾਉਣ ਵਾਲੀ ਥਾਂ ਵਿੱਚ ਜਾ ਸਕਦਾ ਹੈ। ਉਹਨਾਂ ਦੀ ਨਿਸ਼ਚਿਤ/ਨੇੜੇ ਦੀ ਵੋਟ ਪਾਉਣ ਵਾਲੀ ਥਾਂ ਉਹਨਾਂ ਦੇ ‘ਵੋਟ ਕਿੱਥੇ ਪਾਉਣੀ ਹੈ’ ਵਾਲੇ ਕਾਰਡ ’ਤੇ ਲਿਖੀ ਹੋਵੇਗੀ। ਜੇ ਉਹ ਪਹਿਲਾਂ ਰਜਿਸਟਰ ਨਹੀਂ ਹੋਏ ਜਾਂ ਉਹਨਾਂ ਦੀ ਜਾਣਕਾਰੀ ਅਪਡੇਟ ਕਰਨ ਦੀ ਲੋੜ ਹੈ, ਤਾਂ ਉਹ ਵੋਟ ਪਾਉਣ ਸਮੇਂ ਰਜਿਸਟਰ ਹੋ ਸਕਦੇ ਹਨ ਜਾਂ ਆਪਣੀ ਜਾਣਕਾਰੀ ਅਪਡੇਟ ਕਰ ਸਕਦੇ ਹਨ।

### ਕਿਸੇ ਵੀ ਚੋਣ ਦਫਤਰ ਵਿੱਚ ਵੋਟ ਪਾਉਣੀ

ਇਲੈਕਸ਼ਨ ਵਾਲੇ ਦਿਨ ਤੋਂ ਲੈ ਕੇ ਵੋਟਾਂ ਦੇ ਆਖਰੀ ਦਿਨ ਦੇ ਦੁਪਹਿਰੋਂ ਬਾਅਦ ਦੇ 4 ਵਜੇ ਤੱਕ ਕਿਸੇ ਵੀ ਚੋਣ ਦਫਤਰ ਵਿੱਚ ਵੋਟ ਪਾਈ ਜਾ ਸਕਦੀ ਹੈ। ਜੇ ਵੋਟਰ ਪਹਿਲਾਂ ਰਜਿਸਟਰ ਨਹੀਂ ਹੋਇਆ ਜਾਂ ਉਸ ਦੀ ਜਾਣਕਾਰੀ ਠੀਕ ਨਹੀਂ ਹੈ, ਤਾਂ ਉਹ ਵੋਟ ਪਾਉਣ ਸਮੇਂ ਰਜਿਸਟਰ ਹੋ ਸਕਦਾ ਹੈ ਜਾਂ ਆਪਣੀ ਜਾਣਕਾਰੀ ਅਪਡੇਟ ਕਰ ਸਕਦਾ ਹੈ।

### ਡਾਕ ਰਾਹੀਂ ਵੋਟ ਪਾਉਣੀ

ਵੋਟਰ ਇਲੈਕਸ਼ਨ ਦੇ ਐਲਾਨ ਹੋਣ ਤੋਂ ਪਹਿਲਾਂ ਤੋਂ ਲੈ ਕੇ ਵੋਟਾਂ ਦੇ ਆਖਰੀ ਦਿਨ ਦੇ ਦੁਪਹਿਰੋਂ ਬਾਅਦ ਦੇ 4 ਵਜੇ ਤੱਕ ਡਾਕ ਰਾਹੀਂ ਵੋਟ ਪਾਉਣ ਦਾ ਪੈਕਜ ਮੰਗ ਸਕਦਾ ਹੈ। ਇਲੈਕਸ਼ਨਜ਼ ਬੀ ਸੀ ਉਸ ਵਿਅਕਤੀ ਨੂੰ ਡਾਕ ਰਾਹੀਂ ਪੈਕਜ ਭੇਜ ਦੇਵੇਗਾ ਜਾਂ ਉਹ ਵਿਅਕਤੀ ਇਹ ਪੈਕਜ ਕਿਸੇ ਵੀ ਚੋਣ ਦਫਤਰ ਤੋਂ ਆ ਕੇ ਲੈ ਸਕਦਾ ਹੈ। ਆਪਣੇ ਪੈਕਜ ਦੀ ਵਰਤੋਂ ਕਰਕੇ ਵੋਟ ਪਾਉਣ ਲਈ ਵੋਟਰ ਲਈ ਇਲੈਕਸ਼ਨ ਦੇ ਐਲਾਨ ਹੋਣ ਦੀ ਉਡੀਕ ਕਰਨੀ ਜ਼ਰੂਰੀ ਹੈ। ਵੋਟਰ ਆਪਣਾ ਮੁਕੰਮਲ ਕੀਤਾ ਪੈਕਜ ਵੋਟਾਂ ਦੇ ਅਖੀਰਲੇ ਦਿਨ ਦੇ ਰਾਤ ਦੇ 8 ਵਜੇ ਤੋਂ ਪਹਿਲਾਂ ਪਹਿਲਾਂ ਕਿਸੇ ਵੀ ਜ਼ਿਲ੍ਹਾ ਚੋਣ ਦਫਤਰ ਵਿੱਚ, ਕਿਸੇ ਵੀ ਵੋਟਾਂ ਵਾਲੀ ਥਾਂ ਵਿੱਚ ਜਾਂ ਇਸ ਸੇਵਾ ਲਈ ਨਿਰਧਾਰਤ ਕੀਤੀ ਕਿਸੇ ਵੀ ਥਾਂ ਵਿੱਚ ਵਾਪਸ ਕਰ ਸਕਦਾ ਹੈ। ਜੇ ਵੋਟਰ ਪਹਿਲਾਂ ਰਜਿਸਟਰ ਨਹੀਂ ਹੋਇਆ ਜਾਂ ਉਸ ਦੀ ਜਾਣਕਾਰੀ ਠੀਕ ਨਹੀਂ ਹੈ, ਤਾਂ ਅਸੀਂ ਉਹਨਾਂ ਨੂੰ ਵੋਟ ਕਰਨ ਦੇ ਪੈਕਜ ਵਿੱਚ ਰਜਿਸਟਰ ਹੋਣ ਜਾਂ ਆਪਣੀ ਜਾਣਕਾਰੀ ਅਪਡੇਟ ਕਰਨ ਬਾਰੇ ਹਿਦਾਇਤਾਂ ਭੇਜਾਂਗੇ।

### ਵੋਟ ਪਾਉਣ ਦੇ ਖਾਸ ਮੌਕੇ

ਇਲੈਕਸ਼ਨਜ਼ ਬੀ ਸੀ ਉਹਨਾਂ ਵੋਟਰਾਂ ਲਈ ਵੋਟ ਪਾਉਣ ਦੇ ਖਾਸ ਮੌਕੇ ਪ੍ਰਦਾਨ ਕਰਦਾ ਹੈ, ਜਿਹੜੇ ਹੋ ਸਕਦਾ ਹੈ ਉਸ ਤਰ੍ਹਾਂ ਵੋਟ ਨਾ ਪਾ ਸਕਦੇ ਹੋਣ। ਵੋਟ ਪਾਉਣ ਦੇ ਆਮ ਖਾਸ ਮੌਕਿਆਂ ਵਿੱਚ ਫਿਰਤੂ (ਮੋਬਾਈਲ) ਟੀਮਾਂ ਵਲੋਂ ਐਕਿਊਟ ਕੇਅਰ ਦੇ ਹਸਪਤਾਲਾਂ, ਮੁੜ ਵਸੇਬੇ ਵਾਲੀਆਂ ਥਾਂਵਾਂ ਅਤੇ ਸਰੀਰਕ ਜਾਂ ਬੌਧਿਕ ਅਪਾਹਜਤਾਵਾਂ ਵਾਲੇ ਬਜ਼ੁਰਗਾਂ ਜਾਂ ਨੌਜਵਾਨ ਬਾਲਗਾਂ ਨੂੰ ਸੰਭਾਲ ਦੇਣ ਵਾਲੇ ਰੈਜ਼ੀਡੈਂਸ਼ਿਅਲ ਕੇਅਰ ਹੋਮਜ਼ ਵਿੱਚ ਜਾਣਾ ਸ਼ਾਮਲ ਹੈ।

### ਟੈਲੀਫੋਨ ਰਾਹੀਂ ਮਦਦ ਨਾਲ ਵੋਟ ਪਾਉਣੀ

ਟੈਲੀਫੋਨ ਰਾਹੀਂ ਮਦਦ ਨਾਲ ਵੋਟ ਪਾਉਣੀ ਉਹਨਾਂ ਵੋਟਰਾਂ ਲਈ ਉਪਲਬਧ ਹੈ ਜਿਹੜੇ ਹੋਰ ਸਾਧਨਾਂ ਰਾਹੀਂ ਅਜ਼ਾਦ ਤੌਰ 'ਤੇ ਵੋਟ ਨਹੀਂ ਪਾ ਸਕਦੇ। ਟੈਲੀਫੋਨ ਰਾਹੀਂ ਮਦਦ ਨਾਲ ਵੋਟ ਪਾਉਣ ਲਈ, ਜ਼ਰੂਰੀ ਹੈ ਕਿ ਵਿਅਕਤੀ ਦੀ ਵੋਟ ਲਈ ਰਜਿਸਟਰ ਹੋਣ ਦੀ ਜਾਣਕਾਰੀ ਅਪਟੂਡੇਟ ਹੋਵੇ ਅਤੇ ਉਹ ਹੇਠ ਲਿਖੀਆਂ ਕਸਵੱਟੀਆਂ ਵਿੱਚੋਂ ਇਕ ਕਸਵੱਟੀ ਪੂਰੀ ਕਰਦਾ ਹੋਵੇ:

- ਉਸ ਨੂੰ ਅੱਖਾਂ ਤੋਂ ਦਿਸਦਾ ਨਾ ਹੋਵੇ।
- ਉਸ ਵਿੱਚ ਅਜਿਹੀ ਅਪਾਹਜਤਾ ਜਾਂ ਸਿਹਤ ਦੀ ਇਸ ਤਰ੍ਹਾਂ ਦੀ ਹਾਲਤ ਹੋਵੇ, ਜਿਸ ਕਾਰਨ ਉਹ ਅਜ਼ਾਦ ਤੌਰ 'ਤੇ ਵੋਟ ਨਾ ਪਾ ਸਕਦਾ ਹੋਵੇ।
- ਉਹ ਚੋਣ-ਮੁਹਿੰਮ ਦੇ ਅਖੀਰਲੇ ਹਫਤੇ ਵਿੱਚ ਕਿਸੇ ਵੀ ਹੋਰ ਸਾਧਨ ਰਾਹੀਂ ਵੋਟ ਨਾ ਪਾ ਸਕਦਾ ਹੋਵੇ ਅਤੇ ਡਾਕ ਰਾਹੀਂ ਵੋਟ ਨਾ ਪਾ ਸਕਦਾ ਹੋਵੇ।

ਸਿਰਫ ਉਹ ਵੋਟਰ ਹੀ ਟੈਲੀਫੋਨ ਰਾਹੀਂ ਵੋਟ ਪਾ ਸਕਦੇ ਹਨ ਜੋ ਇਹਨਾਂ ਕਸਵੱਟੀਆਂ ਵਿੱਚੋਂ ਇਕ ਕਸਵੱਟੀ 'ਤੇ ਪੂਰੇ ਉਤਰਦੇ ਹੋਣ ਅਤੇ ਵੋਟਰਾਂ ਲਈ ਇਹ ਪੁਸ਼ਟੀ ਕਰਨਾ ਜ਼ਰੂਰੀ ਹੈ ਕਿ ਉਹ ਵੋਟ ਪਾਉਣ ਦੇ ਯੋਗ ਹਨ। ਜੇ ਕੋਈ ਅਯੋਗ ਵੋਟਰ ਟੈਲੀਫੋਨ ਰਾਹੀਂ ਵੋਟ ਪਾਉਣ ਦੀ ਕੋਸ਼ਿਸ਼ ਕਰੇਗਾ ਤਾਂ ਉਹ ਯੋਗ ਵੋਟਰਾਂ ਲਈ ਲੋੜੀਂਦੀਆਂ ਟੈਲੀਫੋਨ ਲਾਈਨਾਂ ਨੂੰ ਬਿਜ਼ੀ ਕਰ ਦੇਵੇਗਾ। ਟੈਲੀਫੋਨ ਅਪਰੇਟਰ ਟੈਲੀਫੋਨ ਰਾਹੀਂ ਵੋਟ ਪਾਉਣ ਵਾਲੇ ਵੋਟਰਾਂ ਦੀ ਮਦਦ ਕਰਦੇ ਹਨ। ਇਲੈਕਸ਼ਨਜ਼ ਬੀ ਸੀ ਇਹ ਯਕੀਨੀ ਬਣਾਉਣ ਲਈ ਅਜਿਹੀ ਪ੍ਰਣਾਲੀ ਵਰਤਦਾ ਹੈ ਜਿਸ ਨਾਲ ਟੈਲੀਫੋਨ ਰਾਹੀਂ ਵੋਟ ਪਾਉਣ ਵਾਲੇ ਵੋਟਰਾਂ ਦੀ ਵੋਟ ਗੁਪਤ ਰਹੇ।

## ਵੋਟ ਪਾਉਣ ਲਈ ਪਹੁੰਚਯੋਗਤਾ

ਜੇ ਵੋਟਰ ਨੂੰ ਮਦਦ ਦੀ ਲੋੜ ਹੋਵੇ ਤਾਂ ਇਲੈਕਸ਼ਨ ਅਧਿਕਾਰੀ ਵੋਟ ਪਾਉਣ ਵਾਲੀਆਂ ਥਾਂਵਾਂ 'ਤੇ ਵੋਟਰਾਂ ਦੀ ਮਦਦ ਕਰਨ ਲਈ ਮੌਜੂਦ ਹੁੰਦੇ ਹਨ। ਇਲੈਕਸ਼ਨਜ਼ ਬੀ ਸੀ ਇਲੈਕਸ਼ਨ ਅਧਿਕਾਰੀਆਂ ਨੂੰ ਹੇਠ ਲਿਖੇ ਕਦਮਾਂ ਦੀ ਪਾਲਣਾ ਕਰਨ ਦੀ ਸਿਖਲਾਈ ਦਿੰਦਾ ਹੈ:

- ਵੋਟਰਾਂ ਨੂੰ ਇਹ ਪੁੱਛਣ ਦੀ ਕਿ "ਮੈਂ ਤੁਹਾਡੀ ਮਦਦ ਕਿਵੇਂ ਕਰ ਸਕਦਾ ਹਾਂ?"
- ਧਿਆਨ ਨਾਲ ਸੁਣਨ ਦੀ
- ਉਹ ਕਰਨਾ ਜੋ ਕਰਨ ਲਈ ਵੋਟਰ ਨੇ ਕਿਹਾ ਹੈ, ਨਾ ਕਿ ਉਹ ਕਰਨਾ ਜੋ ਇਲੈਕਸ਼ਨ ਅਧਿਕਾਰੀ ਦੀ ਸਮਝ ਅਨੁਸਾਰ ਮਦਦਗਾਰ ਹੋ ਸਕਦਾ ਹੈ

ਅਪਾਹਜਤਾਵਾਂ ਵਾਲੇ ਵੋਟਰਾਂ ਦੀ ਮਦਦ ਕਰਨ ਲਈ ਇਲੈਕਸ਼ਨਜ਼ ਬੀ ਸੀ ਕੋਲ ਸੇਵਾਵਾਂ, ਵਸੀਲੇ ਅਤੇ ਸਾਧਨ ਹਨ, ਭਾਵੇਂ ਵੋਟਰ ਆਪ ਆ ਕੇ ਵੋਟ ਕਰ ਰਿਹਾ ਹੋਵੇ ਜਾਂ ਦੂਰ ਤੋਂ ਵੋਟ ਕਰ ਰਿਹਾ ਹੋਵੇ।

### ਮਦਦ ਕਰਨ ਵਾਲੇ/ਅਨੁਕੂਲ ਬਣਨ ਵਿੱਚ ਮਦਦ ਕਰਨ ਵਾਲੇ ਯੰਤਰ

ਵੋਟਰਾਂ ਨੂੰ ਵੋਟ ਪਾਉਣ ਵਾਲੀਆਂ ਥਾਂਵਾਂ ਵਿੱਚ ਵਰਤੋਂ ਕਰਨ ਲਈ ਆਪਣੇ ਸੰਦ ਲਿਆਉਣ ਦੀ ਆਗਿਆ ਹੈ। ਇਸ ਦੇ ਨਾਲ ਹੀ, ਵੋਟਰਾਂ ਦੀ ਅਜ਼ਾਦੀ ਨਾਲ ਵੋਟ ਪਾਉਣ ਵਿੱਚ ਮਦਦ ਕਰਨ ਲਈ ਹਰ ਇਕ ਜ਼ਿਲ੍ਹਾ ਚੋਣ ਦਫਤਰ ਵਿੱਚ ਪਹੁੰਚਯੋਗਤਾ ਵਾਲਾ ਵੋਟ ਪਾਉਣ ਦਾ ਪ੍ਰਬੰਧ ਹੈ। ਇਹਨਾਂ ਵੋਟਰਾਂ ਵਿੱਚ ਅੱਖਾਂ ਤੋਂ ਨਾ ਦੇਖ ਸਕਣ ਵਾਲੇ ਅਤੇ ਅਪਾਹਜਤਾ ਦੇ ਹੋਰ ਰੂਪਾਂ ਵਾਲੇ ਵੋਟਰ ਸ਼ਾਮਲ ਹਨ। ਵੋਟਰਾਂ ਕੋਲ ਇਹ ਚੋਣ ਹੋਵੇਗੀ ਕਿ ਉਹ ਆਪਣੇ ਜ਼ਿਲ੍ਹੇ ਵਿਚਲੇ ਉਮੀਦਵਾਰਾਂ ਦੀ ਲਿਸਟ ਦੀ ਰਿਕਾਰਡਿੰਗ ਸੁਣਨ ਸਕਣ ਅਤੇ ਫਿਰ ਹੱਥ ਵਿੱਚ ਫੜੇ ਜਾ ਸਕਣ ਵਾਲੇ ਚੋਣ ਯੰਤਰ, ਸਿੱਪ-ਐਂਡ-ਪੱਫ ਸਟਰਾਅ ਜਾਂ ਪੈਡਲਾਂ ਦੀ ਵਰਤੋਂ ਕਰਕੇ ਆਪਣੀ ਵੋਟ ਬਾਰੇ ਦੱਸ ਸਕਣਗੇ। ਫਿਰ ਵੋਟਰ ਦੀ ਚੋਣ ਪਰਚੀ (ਬੈਲਟ ਪੇਪਰ), ਜਿਸ 'ਤੇ ਉਹਨਾਂ ਦੀ ਚੋਣ ਦੇ ਉਮੀਦਵਾਰ 'ਤੇ ਨਿਸ਼ਾਨ ਲੱਗਾ ਹੋਵੇਗਾ, ਨੂੰ ਹੇਠਾਂ ਨੂੰ ਰੱਖ ਕੇ ਪ੍ਰਿੰਟ ਕੀਤਾ ਜਾਵੇਗਾ ਅਤੇ ਚੋਣ ਦਫਤਰ ਦੇ ਟੈਬੂਲੇਟਰ (ਗਿਣਤੀ ਕਰਨ ਵਾਲੀ ਮਸ਼ੀਨ) ਵਿੱਚ ਦੀ ਲੰਘਾਇਆ ਜਾਵੇਗਾ। ਪਹੁੰਚਯੋਗਤਾ ਵਾਲੇ ਵੋਟ ਪਾਉਣ ਵਾਲੇ ਪ੍ਰਬੰਧ ਦੇ ਹੇਠ ਲਿਖੇ ਹਿੱਸੇ ਹਨ:

- ਆਡੀਓ ਟੈਕਟਾਈਲ ਇੰਟਰਫੇਸ: ਅੱਖਾਂ ਤੋਂ ਦੇਖ ਨਾ ਸਕਣ ਵਾਲੇ ਵੋਟਰਾਂ ਲਈ ਵੋਟ ਪਾਉਣ ਦੇ ਪਹੁੰਚਯੋਗ ਸੈਸ਼ਨਾਂ ਵਿੱਚ ਵਰਤਿਆ ਜਾਂਦਾ ਹੱਥ 'ਚ ਫੜਿਆ ਜਾ ਸਕਣ ਵਾਲਾ ਅਤੇ ਛੂਹ ਨਾਲ ਕੰਟਰੋਲ ਕੀਤਾ ਜਾਣ ਵਾਲਾ ਕੰਟਰੋਲਰ। ਇਸ ਕੰਟਰੋਲਰ ਵਿੱਚ ਅਵਾਜ਼ ਨਾਲ ਦਿੱਤੇ ਗਏ ਨਿਰਦੇਸ਼, ਛੋਹਣ ਲਈ ਵੱਖ ਵੱਖ ਰੰਗਾਂ ਵਾਲੇ ਵੱਡੇ ਬਟਨ ਅਤੇ ਬ੍ਰੇਲ ਦੇ ਅੱਖਰ ਹੁੰਦੇ ਹਨ।

- ਚੋਣ ਪਰਚੀ (ਬੈਲਟ) ’ਤੇ ਨਿਸ਼ਾਨ ਲਾਉਣ ਵਾਲਾ ਯੰਤਰ: ਅਵਾਜ਼ ਰਾਹੀਂ ਵੋਟ ਪਾਉਣ ਵਾਲੇ ਸੈਸ਼ਨ (ਆਡੀਓ ਐਕਸੈਸੀਬਲ ਵੋਟਿੰਗ ਸੈਸ਼ਨ) ਦੌਰਾਨ ਵੋਟਰ ਵਲੋਂ ਕੀਤੀਆਂ ਗਈਆਂ ਚੋਣਾਂ ਨੂੰ ਅਸਲੀ ਚੋਣ ਪਰਚੀ ’ਤੇ ਪ੍ਰਿੰਟ ਕਰਨ ਲਈ ਵੋਟਾਂ ਦੀ ਗਿਣਤੀ ਕਰਨ ਵਾਲੇ ਯੰਤਰ (ਬੈਲਟ ਟੈਬੂਲੇਟਰ) ਦੇ ਨਾਲ ਵਰਤਿਆ ਜਾਂਦਾ ਹੈ।
- ਆਡੀਓ: ਚੋਣ ਪਰਚੀ ਨੂੰ ਪੜ੍ਹਨ ਅਤੇ ਚੋਣ ਪਰਚੀ ’ਤੇ ਨਿਸ਼ਾਨ ਲਾਉਣ ਲਈ ਅਵਾਜ਼ ਵਿੱਚ ਦਿੱਤੇ ਨਿਰਦੇਸ਼ ਸੁਣਨ ਲਈ ਵੋਟਰ ਐਕਸੈਸੀਬਲ ਵੋਟਿੰਗ ਕੰਪੋਨੈਂਟਸ ਨਾਲ ਹੈੱਡਫੋਨਾਂ ਦੀ ਵਰਤੋਂ ਕਰਦੇ ਹਨ। ਜੇ ਚਾਹੁਣ ਤਾਂ ਵੋਟਰ ਆਪਣੇ ਹੈੱਡਫੋਨ ਲਿਆ ਸਕਦੇ ਹਨ।
- ਖੱਬੇ ਅਤੇ ਸੱਜੇ ਪੈਡਲ: ਵੋਟ ਪਾਉਣ ਲਈ ਵੋਟਰ ਹੱਥਾਂ, ਪੈਰਾਂ ਜਾਂ ਕੂਹਣੀਆਂ ਦੀ ਵਰਤੋਂ ਕਰਕੇ ਪੈਡਲ ਦੱਬ ਸਕਦੇ ਹਨ। ਉਹਨਾਂ ਵੋਟਰਾਂ ਲਈ ਇਹ ਇਕ ਚੰਗਾ ਬਦਲ ਹੈ, ਜਿਹਨਾਂ ਨੂੰ ਪੈੱਨਾਂ ਜਾਂ ਮਾਰਕਰਾਂ ਵਰਗੇ ਛੋਟੇ ਯੰਤਰ ਵਰਤਣ ਵਿੱਚ ਮੁਸ਼ਕਿਲ ਆਉਂਦੀ ਹੈ।
- ਸਿੱਪ ਐਂਡ ਪਫ ਡਿਵਾਇਸ: ਇਹ ਯੰਤਰ ਵੋਟਰਾਂ ਨੂੰ ਇਕ ਨਲਪੀ (ਸਟਰਾਅ) ਰਾਹੀਂ ਅੰਦਰ ਨੂੰ ਸਾਹ ਖਿੱਚ ਕੇ ਜਾਂ ਬਾਹਰ ਨੂੰ ਫੂਕ ਮਾਰਕੇ ਚੋਣ ਪਰਚੀ ’ਤੇ ਨਿਸ਼ਾਨ ਲਾਉਣ ਦਿੰਦਾ ਹੈ। ਮੁੱਖ ਤੌਰ ’ਤੇ ਇਸ ਯੰਤਰ ਨੂੰ ਉਹ ਵੋਟਰ ਵਰਤਦੇ ਹਨ, ਜਿਹਨਾਂ ਨੂੰ ਆਪਣੇ ਹੱਥਾਂ ਜਾਂ ਪੈਰਾਂ ਨੂੰ ਵਰਤਣ ਵਿੱਚ ਮੁਸ਼ਕਿਲ ਆਉਂਦੀ ਹੈ।

### ਚੋਣ ਪਰਚੀ ’ਤੇ ਨਿਸ਼ਾਨ ਲਾਉਣ ਲਈ ਸਹਾਇਤਾ

ਕਿਸੇ ਵੀ ਕਾਰਨ ਕਰਕੇ ਵੋਟਰ ਆਪਣੀ ਚੋਣ ਪਰਚੀ ’ਤੇ ਨਿਸ਼ਾਨ ਲਾਉਣ ਲਈ ਸਹਾਇਤਾ ਲੈ ਸਕਦੇ ਹਨ। ਜੇ ਉਹਨਾਂ ਨੂੰ ਚੋਣ ਪਰਚੀ ’ਤੇ ਨਿਸ਼ਾਨ ਲਾਉਣ ਲਈ ਸਹਾਇਤਾ ਚਾਹੀਦੀ ਹੋਵੇ ਤਾਂ ਉਹ ਇਸ ਬਾਰੇ ਵੋਟ ਪਾਉਣ ਵਾਲੀ ਥਾਂ ’ਤੇ ਕਿਸੇ ਇਲੈਕਸ਼ਨ ਅਧਿਕਾਰੀ ਨੂੰ ਦੱਸ ਸਕਦੇ ਹਨ। ਉਹ ਆਪਣੇ ਨਾਲ ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਵੀ ਮਦਦ ਲਈ ਲਿਆ ਸਕਦੇ ਹਨ। ਮਦਦ ਕਰਨ ਵਾਲੇ ਨੂੰ ਇਹ ਵਚਨ ਦੇਣਾ ਪਵੇਗਾ ਕਿ ਉਹ ਵੋਟਰ ਦੀ ਉਸ ਦੀਆਂ ਇੱਛਾਵਾਂ ਅਨੁਸਾਰ ਮਦਦ ਕਰੇਗਾ।

### ਅੰਨ੍ਹੇ, ਬੋਲੇ ਅਤੇ ਅੰਨ੍ਹੇ, ਜਾਂ ਘੱਟ ਦੇਖ ਸਕਣ ਵਾਲੇ ਵੋਟਰਾਂ ਲਈ ਵਸੀਲੇ

ਨਜ਼ਰ ਦੇ ਨੁਕਸਾਨ ਹੋਏ ਵਾਲੇ ਵੋਟਰਾਂ ਦੀ ਚੋਣ ਪਰਚੀ ’ਤੇ ਨਿਸ਼ਾਨ ਲਾਉਣ ਵਿੱਚ ਮਦਦ ਕਰਨ ਲਈ ਚੋਣ ਦਫਤਰਾਂ ਵਿੱਚ ਮਦਦ ਕਰਨ ਵਾਲੇ ਯੰਤਰਾਂ ਦੀ ਮੌਜੂਦਗੀ ਦੇ ਨਾਲ ਨਾਲ ਵੋਟ ਪਾਉਣ ਵਾਲੀਆਂ ਸਾਰੀਆਂ ਥਾਂਵਾਂ ’ਤੇ ਅਨਕੌਨਟਰੈਕਟਡ ਬ੍ਰੇਲ, ਵੱਡੇ ਛਾਪੇ ਵਾਲੇ ਚੋਣ ਪਰਚੀ ਦੇ ਪੋਸਟਰ ਅਤੇ ਬ੍ਰੇਲ ਵਿੱਚ ਚੋਣ ਪਰਚੀ ਦੇ ਨਮੂਨੇ ਉਪਲਬਧ ਹੁੰਦੇ ਹਨ।

### ਉਹਨਾਂ ਵੋਟਰਾਂ ਲਈ ਵਸੀਲੇ ਜਿਹੜੇ ਬੋਲੇ ਹਨ ਜਾਂ ਜਿਹਨਾਂ ਨੂੰ ਉੱਚਾ ਸੁਣਦਾ ਹੈ

ਇਲੈਕਸ਼ਨਜ਼ ਬੀ ਸੀ ਚੋਣ ਅਧਿਕਾਰੀਆਂ ਨੂੰ ਉਹਨਾਂ ਵੋਟਰਾਂ ਦੀ ਮਦਦ ਕਰਨ ਲਈ ਸਿਖਲਾਈ ਦਿੰਦਾ ਹੈ ਜਿਹੜੇ ਵੋਟਰ ਬੋਲੇ, ਜਮਾਂਦਰੂ ਬੋਲੇ, ਬਾਲਗ ਉਮਰ ’ਚ ਹੋਏ ਬੋਲੇ ਹਨ ਜਾਂ ਜਿਹਨਾਂ ਨੂੰ ਉੱਚਾ ਸੁਣਦਾ ਹੈ। ਵੋਟ ਪਾਉਣ ਵਾਲੀਆਂ ਥਾਂਵਾਂ ’ਤੇ ਸਾਡੇ ਕੋਲ ਵਿਜ਼ੂਅਲ ਏਡਜ਼ (ਮਦਦ ਲਈ ਚਿੱਤਰਾਂ ਵਾਲੀਆਂ ਚੀਜ਼ਾਂ) ਹਨ। ਵੋਟਰ ਕਿਸੇ ਦੋਭਾਸ਼ੀਏ ਨੂੰ ਲਿਆ ਜਾਂ ਉਸ ਦੀ ਮਦਦ ਲੈ ਸਕਦੇ ਹਨ। ਇਸ ਦੇ ਨਾਲ ਹੀ ਵੋਟਰ ਇਲੈਕਸ਼ਨਜ਼ ਬੀ ਸੀ ਨੂੰ 1-888-456-5448 ’ਤੇ ਵੁਆਇਸ ਟੂ ਟੈਕਸਟ ਸਰਵਿਸਜ਼ (ਅਵਾਜ਼ ਤੋਂ ਲਿਖਤ ਵਿੱਚ ਬਦਲ ਸਕਣ ਵਾਲੀਆਂ ਸੇਵਾਵਾਂ) ਰਾਹੀ ਜਾਂ ਵੀਡੀਓ ਰਿਲੇਅ ਸਰਵਿਸਜ਼ (ਵੀ ਆਰ ਐੱਸ) ਰਾਹੀਂ ਸੰਪਰਕ ਕਰ ਸਕਦੇ ਹਨ।

### ਵੋਟ ਪਾਉਣ ਵਾਲੀਆਂ ਥਾਂਵਾਂ ’ਤੇ ਸਰੀਰਕ ਪਹੁੰਚਯੋਗਤਾ

ਐਡਵਾਂਸ ਵੋਟ ਪਾਉਣ ਵਾਲੀਆਂ ਸਾਰੀਆਂ ਥਾਂਵਾਂ ਅਤੇ ਆਮ ਵੋਟ ਪਾਉਣ ਵਾਲੀਆਂ ਬਹੁਤੀਆਂ ਥਾਂਵਾਂ ਤੁਰਨ-ਫਿਰਨ ਲਈ ਮਦਦ ਵਾਲੇ ਯੰਤਰਾਂ ਦੀ ਵਰਤੋਂ ਕਰਨ ਵਾਲਿਆਂ ਲਈ ਪਹੁੰਚਯੋਗ ਹਨ। ਉਹ ਵੋਟਰ ਜਿਹੜੇ ਵੋਟ ਪਾਉਣ ਵਾਲੀ ਥਾਂ ਵਿੱਚ ਦਾਖਲ ਨਹੀਂ ਹੋ ਸਕਦੇ ਬਿਲਡਿੰਗ ਤੋਂ ਬਾਹਰ (ਸੜਕ ਕਿਨਾਰੇ ਜਾਂ ਪਾਰਕਿੰਗ ਲਾਟ ਵਿੱਚ) ਵੋਟ ਪਾ ਸਕਦੇ ਹਨ।

### ਅਨੁਵਾਦਕ ਅਤੇ ਦੋਭਾਸ਼ੀਏ

ਵੋਟ ਪਾਉਣ ਵਾਲੀ ਥਾਂ ਵਿੱਚ ਆਪਣੀ ਮਦਦ ਲਈ ਵੋਟਰ ਕਿਸੇ ਅਨੁਵਾਦਕ ਜਾਂ ਦੋਭਾਸ਼ੀਏ ਨੂੰ ਨਾਲ ਲਿਆ ਸਕਦੇ ਹਨ। ਇਸ ਵਿੱਚ ਸਾਈਨ ਲੈਂਗੂਏਜ ਅਤੇ ਟੈਕਟਾਈਲ ਸਾਈਨਿੰਗ (ਛੋਹ ਨਾਲ ਸੰਕੇਤ ਦੇਣ) ਦਾ ਦੋਭਾਸ਼ੀਆ ਜਾਂ ਟਰੈਕਿੰਗ ਇੰਟਰਪ੍ਰੇਟਰ ਸ਼ਾਮਲ ਹੈ। ਅਨੁਵਾਦ ਜਾਂ ਦੋਭਾਸ਼ੀਏ ਲਈ ਇਹ ਵਚਨ ਦੇਣਾ ਜ਼ਰੂਰੀ ਹੈ ਕਿ ਉਹ ਅਨੁਵਾਦਕ ਜਾਂ ਦੋਭਾਸ਼ੀਏ ਦੇ ਤੌਰ ’ਤੇ ਕੰਮ ਕਰਨ ਦੇ ਯੋਗ ਹੈ ਅਤੇ ਉਹ ਇਹ ਕੰਮ ਆਪਣੀ ਪੂਰੀ ਯੋਗਤਾ ਨਾਲ ਕਰੇਗਾ।

# ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਨਾਲ ਸੰਬੰਧਿਤ ਪਹੁੰਚਯੋਗਤਾ

ਉਮੀਦਵਾਰਾਂ, ਸਿਆਸੀ ਪਾਰਟੀਆਂ, ਚੋਣਾਂ ਨਾਲ ਸੰਬੰਧਿਤ ਸੰਸਥਾਵਾਂ, ਅਤੇ ਇਲੈਕਸ਼ਨ ਦੀ ਇਸ਼ਤਿਹਾਰਬਾਜੀ ਨੂੰ ਸਪਾਂਸਰ ਕਰਨ ਵਾਲੀ ਤੀਜੀ ਧਿਰ ਦੇ ਲੋਕਾਂ ਸਮੇਤ ਇਲੈਕਸ਼ਨਜ਼ ਬੀ ਸੀ ਦਾ ਕਈ ਤਰ੍ਹਾਂ ਦੇ ਸਿਆਸੀ ਹਿੱਸਾ ਲੈਣ ਵਾਲਿਆਂ ਨਾਲ ਵਾਹ ਪੈਂਦਾ ਹੈ। ਆਪਣੇ ਵਸੀਲਿਆਂ ਅਤੇ ਸਮਾਗਮਾਂ ਨੂੰ ਆਮ ਲੋਕਾਂ ਲਈ ਪਹੁੰਚਯੋਗ ਬਣਾਉਣ ਲਈ ਸਿਆਸਤ ਵਿੱਚ ਹਿੱਸਾ ਲੈਣ ਵਾਲੇ ਖੁਦ ਜ਼ਿੰਮੇਵਾਰ ਹਨ। ਇਹਨਾਂ ਮਾਮਲਿਆਂ ਬਾਰੇ ਕੋਈ ਵੀ ਰਾਇ ਸਿੱਧੀ ਤੌਰ ’ਤੇ ਸਿਆਸਤ ਵਿੱਚ ਹਿੱਸਾ ਲੈਣ ਵਾਲੇ ਢੁਕਵੇਂ ਲੋਕਾਂ ਕੋਲ ਜਾਣੀ ਚਾਹੀਦੀ ਹੈ।

ਇਲੈਕਸ਼ਨਜ਼ ਬੀ ਸੀ ਦੀਆਂ ਸੂਬਾਈ ਜ਼ਿੰਮੇਵਾਰੀਆਂ ਵਿੱਚ ਇਕ ਜ਼ਿੰਮੇਵਾਰੀ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਨੂੰ ਇਕੱਤਰ ਅਤੇ ਦਰਜ ਕਰਨਾ ਹੈ। ਬਹੁਤੇ ਯੋਗ ਵੋਟਰ ਵਿਧਾਨ ਸਭਾ ਲਈ ਉਮੀਦਵਾਰਾਂ ਵਜੋਂ ਖੜ੍ਹੇ ਹੋ ਸਕਦੇ ਹਨ ਜੇ ਉਹ ਇਲੈਕਸ਼ਨਜ਼ ਬੀ ਸੀ ਕੋਲ ਨਾਮਜ਼ਦਗੀ ਲਈ ਮੁਕੰਮਲ ਅਰਜ਼ੀ ਦਰਜ ਕਰਵਾਉਣ। ਅਰਜ਼ੀ ’ਤੇ ਗੌਰ ਕਰਨ ਤੋਂ ਬਾਅਦ ਅਸੀਂ ਉਮੀਦਵਾਰੀ ਦਾ ਸਰਟੀਫਿਕੇਟ ਜਾਰੀ ਕਰਦੇ ਹਾਂ।

ਪਿਛਲੇ ਸਮੇਂ ਵਿੱਚ, ਉਮੀਦਵਾਰ ਲਈ ਨਾਮਜ਼ਦਗੀ ਦੀ ਅਰਜ਼ੀ ਮੁੱਖ ਤੌਰ ’ਤੇ ਪੇਪਰ ਆਧਾਰਿਤ ਅਰਜ਼ੀ ਹੁੰਦੀ ਸੀ। ਉਮੀਦਵਾਰ ਵਜੋਂ ਨਾਮਜ਼ਦ ਵਿਅਕਤੀਆਂ ਨੂੰ ਆਪਣੇ ਫਾਰਮ ਪ੍ਰਿੰਟ ਕਰਕੇ ਡਾਕ ਰਾਹੀਂ ਜਾਂ ਫੈਕਸ ਰਾਹੀਂ ਇਲੈਕਸ਼ਨਜ਼ ਬੀ ਸੀ ਦੇ ਦਫਤਰ ਨੂੰ ਭੇਜਣੇ ਹੁੰਦੇ ਸਨ ਜਾਂ ਇਲੈਕਸ਼ਨਜ਼ ਬੀ ਸੀ ਦੇ ਦਫਤਰ ਵਿੱਚ ਜਾ ਕੇ ਖੁਦ ਜਮ੍ਹਾਂ ਕਰਵਾਉਣੇ ਹੁੰਦੇ ਸਨ। ਜਦੋਂ ਲੋਕ ਅਰਜ਼ੀ ਭਰਦੇ ਸਨ, ਤਾਂ ਉਹ ਕਈ ਵਾਰ ਗਲਤੀਆਂ ਕਰਦੇ ਸਨ ਜਿਵੇਂ ਕਿ ਸਾਰੀ ਲੋੜੀਂਦੀ ਜਾਣਕਾਰੀ ਨਹੀਂ ਭਰਦੇ ਸਨ। ਅਸੀਂ ਸਮਝਦੇ ਹਾਂ ਕਿ ਕਾਗਜ਼ ਦੀਆਂ ਅਰਜ਼ੀਆਂ ਨੂੰ ਭਰਨਾ ਕੁੱਝ ਲੋਕਾਂ ਲਈ ਮੁਸ਼ਕਿਲ ਹੋ ਸਕਦਾ ਹੈ। ਕਿਸੇ ਤਰ੍ਹਾਂ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਇਲੈਕਸ਼ਨਜ਼ ਬੀ ਸੀ ਨੇ 2023 ਵਿੱਚ ਇਲੈਕਟ੍ਰੌਨਕ ਰੂਪ ਵਿੱਚ ਅਰਜ਼ੀ ਭਰਨ ਦਾ ਇਕ ਬਦਲ ਤਿਆਰ ਕੀਤਾ ਹੈ, ਜਿਸ ਨੂੰ ਕੈਂਡੀਡੇਟ ਨੌਮੀਨੇਸ਼ਨ ਐਪਲੀਕੇਸ਼ਨ ਸਿਸਟਮ (ਸੀ ਐੱਨ ਏ ਐੱਸ) ਕਹਿੰਦੇ ਹਨ। ਇਹ ਇਕ ਵੈੱਬ ਆਧਾਰਿਤ ਅਰਜ਼ੀ ਹੈ ਜਿਸ ਨੂੰ ਲੋਕ ਇਲੈਕਸ਼ਨਜ਼ ਬੀ ਸੀ ਸਰਵਿਸਜ਼ ਪੋਰਟਲ ਤੇ ਆਪਣੇ ਕੰਪਿਊਟਰ, ਟੇਬਲਟ ਜਾਂ ਮੋਬਾਈਲ ਡਿਵਾਈਸ ਰਾਹੀਂ ਦੇਖ ਸਕਦੇ ਹਨ। ਲੋਕ ਸੀ ਐੱਨ ਏ ਐੱਸ ਦੀ ਵਰਤੋਂ ਹੇਠ ਲਿਖੀਆਂ ਚੀਜ਼ਾਂ ਲਈ ਕਰ ਸਕਦੇ ਹਨ:

- ਆਪਣੇ ਨਾਮਜ਼ਦਗੀ ਦੇ ਕਾਗਜ਼ ਭਰ ਸਕਦੇ ਹਨ ਅਤੇ ਉਹਨਾਂ ਦੀ ਪ੍ਰੋਗਰੈੱਸ ਦਾ ਪਤਾ ਰੱਖ ਸਕਦੇ ਹਨ;
- ਕਰੈਡਿਟ ਕਾਰਡ ਦੀ ਵਰਤੋਂ ਕਰਕੇ ਆਪਣਾ ਡਿਪਾਜ਼ਟ ਆਨਲਾਈਨ ਅਦਾ ਕਰ ਸਕਦੇ ਹਨ;
- ਆਪਣੇ ਕਾਗਜ਼ਾਂ ’ਤੇ ਇਲੈਕਟ੍ਰੌਨਕ ਰੂਪ ਵਿੱਚ ਦਸਖਤ ਕਰ ਸਕਦੇ ਹਨ ਅਤੇ ਦੂਜਿਆਂ ਨੂੰ ਦਸਖਤਾਂ ਲਈ ਬੇਨਤੀ ਕਰ ਸਕਦੇ ਹਨ;
- ਨਾਮਜ਼ਦਗੀਆਂ ਸਵੀਕਾਰ ਕਰਨ ਦੇ ਸਮੇਂ ਦੌਰਾਨ ਕਿਸੇ ਵੀ ਸਮੇਂ ਆਪਣੀ ਨਾਮਜ਼ਦਗੀ ਦੀ ਅਰਜ਼ੀ ਗੌਰ ਕਰਨ ਲਈ ਦਾਖਲ ਕਰ ਸਕਦੇ ਹਨ; ਅਤੇ
- ਇਲੈਕਸ਼ਨਜ਼ ਬੀ ਸੀ ਵਲੋਂ ਗੌਰ ਕੀਤੇ ਜਾਣ ਤੋਂ ਬਾਅਦ ਗਲਤੀਆਂ ਠੀਕ ਕਰ ਸਕਦੇ ਹਨ ਅਤੇ ਨਾਮਜ਼ਦਗੀ ਦੀ ਆਪਣੀ ਅਰਜ਼ੀ ਨੂੰ ਦੁਬਾਰਾ ਦਾਖਲ ਕਰ ਸਕਦੇ ਹਨ।

ਸੀ ਐੱਨ ਏ ਐੱਸ ਨਾਮਜ਼ਦਗੀਆਂ ਭਰਨ ਲਈ ਅਜਿਹਾ ਸੁਵਿਧਾਜਨਕ, ਸਵੈ-ਸੇਵਾ ਵਾਲਾ, ਕੇਂਦਰੀ ਢੰਗ ਪ੍ਰਦਾਨ ਕਰਦਾ ਹੈ, ਜਿਹੜਾ ਨਾਮਜ਼ਦਗੀ ਦੀ ਜਾਣਕਾਰੀ ਦਾ ਇਹ ਦੇਖਣ ਲਈ ਮੁੱਲਾਂਕਣ ਕਰਦਾ ਹੈ ਕਿ ਕੀ ਉਹ ਮੁਕੰਮਲ ਹੈ ਜਾਂ ਨਹੀਂ ਅਤੇ ਇਸ ਅਮਲ ਵਿੱਚ ਉਮੀਦਵਾਰਾਂ ਨੂੰ ਸੇਧ ਪ੍ਰਦਾਨ ਕਰਦਾ ਹੈ। ਜੇ ਲੋਕਾਂ ਨੇ ਕੋਈ ਜਾਣਕਾਰੀ ਨਾ ਭਰੀ ਹੋਵੇ ਤਾਂ ਇਹ ਸਿਸਟਮ ਇਸ ਬਾਰੇ ਉਹਨਾਂ ਨੂੰ ਯਾਦ ਕਰਵਾਉਂਦਾ ਹੈ। ਇਹ ਉਹਨਾਂ ਦੀ ਫਾਰਮਾਂ ਨੂੰ ਪੂਰੀ ਤਰ੍ਹਾਂ ਭਰਨ ਵਿੱਚ ਮਦਦ ਕਰਦਾ ਹੈ, ਜਿਸ ਦਾ ਮਤਲਬ ਹੈ ਕਿ ਉਹਨਾਂ ਦੀ ਅਰਜ਼ੀ ਨੂੰ ਸਵੀਕਾਰ ਕਰਨ ਦੇ ਜ਼ਿਆਦੇ ਮੌਕੇ ਹੁੰਦੇ ਹਨ।

ਸੀ ਐੱਨ ਏ ਐੱਸ ਦੇ ਚਲਦਾ ਹੋਣ ਨਾਲ, ਉਮੀਦਵਾਰਾਂ ਕੋਲ ਆਪਣੀ ਅਰਜ਼ੀ ਆਨਲਾਈਨ ਭਰਨ (ਸੀ ਐੱਨ ਏ ਐੱਸ ਦੀ ਵਰਤੋਂ ਕਰਕੇ) ਦੀ ਚੋਣ ਹੈ ਜਾਂ ਉਹ ਆਪਣੀ ਅਰਜ਼ੀ ਕਾਗਜ਼ ’ਤੇ ਭਰ ਸਕਦੇ ਹਨ। ਅਰਜ਼ੀ ਭਰਨ ਦੇ ਦੋਵੇਂ ਢੰਗਾਂ ਲਈ ਇਕੋ ਜਿਹੀ ਜਾਣਕਾਰੀ ਚਾਹੀਦੀ ਹੈ ਅਤੇ ਦੋਹਾਂ ਲਈ ਇਕੋ ਜਿਹੀਆਂ ਸ਼ਰਤਾਂ ਹਨ।

ਇਸ ਦੇ ਨਾਲ ਹੀ, ਇਲੈਕਸ਼ਨਜ਼ ਬੀ ਸੀ ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਪਹਿਲਾਂ ਡਾਕ ਰਾਹੀਂ ਲਿਖਤੀ ਨੋਟਿਸ ਭੇਜਿਆ ਕਰਦਾ ਸੀ; ਪਰ ਹੁਣ ਅਸੀਂ ਈਮੇਲ ਰਾਹੀਂ ਵੀ ਨੋਟਿਸ ਭੇਜਦੇ ਹਾਂ ਤਾਂ ਕਿ ਲੋਕਾਂ ਨੂੰ ਨੋਟਿਸ ਤੇਜ਼ੀ ਨਾਲ ਮਿਲ ਸਕਣ ਅਤੇ ਜੇ ਚਾਹੁਣ ਤਾਂ ਲੋਕ ਨੋਟਿਸ ਪੜ੍ਹਨ ਲਈ ਤਕਨੌਲੌਜੀ ਦੀ ਵਰਤੋਂ ਕਰ ਸਕਦੇ ਹਨ।

# ਕੰਮ ਵਾਲੀ ਥਾਂ ’ਤੇ ਪਹੁੰਚਯੋਗਤਾ

ਇਲੈਕਸ਼ਨਜ਼ ਬੀ ਸੀ ਪੂਰੇ ਸਾਲ ਦੌਰਾਨ ਆਪਣੇ ਹੈੱਡ ਆਫਿਸ ਅਤੇ ਵੇਅਰਹਾਊਸ ਵਿੱਚ ਪੱਕੇ ਅਤੇ ਆਰਜੀ ਕਰਮਚਾਰੀ ਰੱਖਦਾ ਹੈ। ਇਸ ਦੇ ਨਾਲ ਹੀ ਇਲੈਕਸ਼ਨ ਦੌਰਾਨ ਅਸੀਂ ਪੂਰੇ ਸੂਬੇ ਵਿੱਚ ਵੋਟ ਪਾਉਣ ਵਾਲੀਆਂ ਥਾਂਵਾਂ ਅਤੇ ਜ਼ਿਲ੍ਹਾ ਚੋਣ ਦਫਤਰਾਂ ਵਿੱਚ ਹਜ਼ਾਰਾਂ ਆਰਜ਼ੀ ਕਰਮਚਾਰੇ ਰੱਖਦੇ ਹਾਂ। ਇਲੈਕਸ਼ਨਜ਼ ਬੀ ਸੀ ਦਾ ਟੀਚਾ ਆਪਣੇ ਕਰਮਚਾਰੀਆਂ ਲਈ ਸਭ ਨੂੰ ਸ਼ਾਮਲ ਕਰਨ ਵਾਲੀ, ਰੁਕਾਵਟਾਂ ਰਹਿਤ ਕੰਮ ਵਾਲੀ ਥਾਂ ਬਣਾਉਣਾ ਹੈ। ਅਸੀਂ ਆਪਣੇ ਕਰਮਚਾਰੀਆਂ ਦਾ ਸਮਰਥਨ ਕਿਸ ਤਰ੍ਹਾਂ ਕਰਦੇ ਹਾਂ, ਇਸ ਦੀਆਂ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ:

- ਜਦੋਂ ਅਸੀਂ ਰੁਜ਼ਗਾਰ ਦੇ ਮੌਕਿਆਂ ਦੇ ਇਸ਼ਤਿਹਾਰ ਦਿੰਦੇ ਹਾਂ ਅਤੇ ਕਰਮਚਾਰੀਆਂ ਨੂੰ ਰੱਖਦੇ ਹਾਂ, ਉਦੋਂ ਅਸੀਂ ਅਪਾਹਜਤਾਵਾਂ ਵਾਲੇ ਕਰਮਚਾਰੀਆਂ ਦੀਆਂ ਲੋੜਾਂ ਦਾ ਧਿਆਨ ਰੱਖਦੇ ਹਾਂ। ਉਦਾਹਰਨ ਲਈ:
  - ਅਸੀਂ ਸਪਸ਼ਟ ਰੂਪ ਵਿੱਚ ਦੱਸਦੇ ਹਾਂ ਕਿ ਕਿਹੜੀਆਂ ਨੌਕਰੀਆਂ ਲਈ ਸਰੀਰਕ ਤੌਰ ’ਤੇ ਮੁਸ਼ੱਕਤ ਦੀ ਲੋੜ ਹੈ, ਜਿਵੇਂ ਬਹੁਤੀ ਵਾਰ ਭਾਰ ਚੁੱਕਣ ਦੀ ਜਾਂ ਲੰਮਾਂ ਸਮਾਂ ਖੜ੍ਹੇ ਰਹਿਣ ਦੀ।
  - ਬੇਨਤੀ ਕਰਨ ’ਤੇ ਅਸੀਂ ਨੌਕਰੀ ਲਈ ਅਰਜ਼ੀ ਦੇਣ ਵਾਲਿਆਂ ਨੂੰ ਪਹੁੰਚਯੋਗ ਰੂਪਾਂ ਵਿੱਚ ਸਮੱਗਰੀ ਅਤੇ ਸੰਚਾਰ ਵਿੱਚ ਮਦਦ ਪ੍ਰਦਾਨ ਕਰਦੇ ਹਾਂ, ਜਿਵੇਂ ਵੱਡੇ ਛਾਪੇ ਵਾਲੀ ਛਪੀ ਹੋਈ ਸਮੱਗਰੀ ਪ੍ਰਦਾਨ ਕਰਨੀ।
- ਇਹ ਯਕੀਨੀ ਬਣਾ ਕੇ ਕਿ ਸਾਡੀਆਂ ਮੀਟਿੰਗਾਂ ਵਾਲੀਆਂ ਥਾਂਵਾਂ ਅਤੇ ਦਫਤਰ ਤੁਰਨ-ਫਿਰਨ ਵਿੱਚ ਮਦਦ ਲਈ ਯੰਤਰਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਪਹੁੰਚਯੋਗ ਹੋਣ ਅਤੇ ਵਾਸ਼ਰੂਮਾਂ ਵਿੱਚ ਪਹੁੰਚਯੋਗ ਸਟਾਲ ਅਤੇ ਆਪਣੇ ਆਪ ਖੁੱਲ੍ਹਣ ਵਾਲੇ ਦਰਵਾਜ਼ੇ ਹੋਣ, ਅਸੀਂ ਆਪਣੇ ਕੰਮ ਵਾਲੀਆਂ ਥਾਂਵਾਂ ’ਤੇ ਰੁਕਾਵਟਾਂ ਘਟਾਉਂਦੇ ਹਾਂ।
- ਕੰਮ ਵਾਲੀ ਥਾਂ ਵਿੱਚ ਰੁਕਾਵਟਾਂ ਦੀ ਰੋਕਥਾਮ ਵਿੱਚ ਸਾਡੀ ਮਦਦ ਕਰਨ ਲਈ ਅਸੀਂ ਨੀਤੀਆਂ ਅਤੇ ਕਾਰਜ ਕਰਨ ਦੇ ਅਮਲ ਬਣਾਉਂਦੇ ਹਾਂ। ਉਦਾਹਰਨ ਲਈ, ਅਸੀਂ ਮਹਿਕਾਂ-ਮੁਕਤ ਕੰਮ ਵਾਲੀ ਥਾਂ ਪ੍ਰਦਾਨ ਕਰਦੇ ਹਾਂ ਕਿਉਂਕਿ ਮਹਿਕਾਂ ਸੰਵੇਦਕ ਪੱਧਰ ’ਤੇ ਰੁਕਾਵਟਾਂ ਪੈਦਾ ਕਰ ਸਕਦੀਆਂ ਹਨ।
- ਕਰਮਚਾਰੀਆਂ ਦੀ ਲੋੜ ਅਨੁਸਾਰ ਤਬਦੀਲੀ ਕਰਨ ਅਤੇ ਉਹਨਾਂ ਨੂੰ ਵਿਅਕਤੀਗਤ ਸਮਰਥਨ ਪ੍ਰਦਾਨ ਕਰਨ ਵਿੱਚ ਮਦਦ ਲੈਣ ਲਈ ਅਸੀਂ ਬੀ ਸੀ ਦੀ ਪਬਲਿਕ ਸਰਵਿਸ ਦੀ ਮੈਨੇਜਰਜ਼ ਗਾਈਡ ਟੂ ਰੀਜ਼ਨਏਬਲ ਅਕੌਮੋਡੇਸ਼ਨ ਦੀ ਪਾਲਣਾ ਕਰਦੇ ਹਾਂ।
- ਸਾਡੇ ਕੋਲ ਉਹਨਾਂ ਕਰਮਚਾਰੀਆਂ ਲਈ ਕੰਮ ’ਤੇ ਵਾਪਸ ਆਉਣ ਬਾਰੇ ਅਮਲ ਹੈ, ਜਿਹੜੇ ਕਰਮਚਾਰੀ ਕਿਸੇ ਅਪਾਹਜਤਾ ਕਾਰਨ ਕੰਮ ਤੋਂ ਗੈਰਹਾਜ਼ਰ ਰਹੇ ਸਨ ਅਤੇ ਜਿਹਨਾਂ ਨੂੰ ਕੰਮ ’ਤੇ ਵਾਪਸ ਆਉਣ ਲਈ ਉਹਨਾਂ ਦੀ ਲੋੜ ਅਨੁਸਾਰ ਤਬਦੀਲੀਆਂ ਦੀ ਲੋੜ ਹੈ।
- ਕਰਮਚਾਰੀਆਂ ਨੂੰ ਕੰਮ ਬਾਰੇ ਜਾਣੂ ਕਰਵਾਉਣ ਲਈ ਦਿੱਤੀ ਜਾਂਦੀ ਸਮੱਗਰੀ ਵਿੱਚ ਅਸੀਂ ਕੰਮ ’ਤੇ ਕਰਮਚਾਰੀਆਂ ਦੀ ਲੋੜ ਅਨੁਸਾਰ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਬਾਰੇ ਜਾਣਕਾਰੀ ਦਿੰਦੇ ਹਾਂ।

# ਰੁਕਾਵਟਾਂ

ਇਸ ਸੈਕਸ਼ਨ ਵਿੱਚ ਉਹਨਾਂ ਰੁਕਾਵਟਾਂ ਬਾਰੇ ਦੱਸਿਆ ਗਿਆ ਹੈ ਜਿਹੜੀਆਂ ਇਲੈਕਸ਼ਨਜ਼ ਬੀ ਸੀ ਦੇ ਸਾਹਮਣੇ ਆਈਆਂ ਹਨ ਅਤੇ ਜਿਹਨਾਂ ਨੂੰ ਦੂਰ ਕਰਨ ਲਈ ਇਲੈਕਸ਼ਨਜ਼ ਬੀ ਸੀ ਕੰਮ ਕਰ ਰਹੀ ਹੈ। ਇਹ ਸੰਭਵ ਹੈ ਕਿ ਆਪਣੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਨਾਲ ਕੰਮ ਕਰਦੇ ਵਕਤ ਅਤੇ ਪਹੁੰਚਯੋਗਤਾ ਦੀ ਪਲੈਨ ਅਤੇ ਰਾਇ ਦੇਣ ਦੇ ਢੰਗ ਨੂੰ ਲਾਗੂ ਕਰਦੇ ਵਕਤ ਇਲੈਕਸ਼ਨਜ਼ ਬੀ ਸੀ ਨੂੰ ਉਹਨਾਂ ਨਵੀਂਆਂ ਰੁਕਾਵਟਾਂ ਦਾ ਪਤਾ ਲੱਗੇਗਾ ਜਿਹੜੀਆਂ ਉਸ ਸਮੇਂ ਲੋਕਾਂ ਦੇ ਸਾਹਮਣੇ ਆਉਂਦੀਆਂ ਹਨ ਜਦੋਂ ਉਹ ਸਾਡੇ ਸੰਪਰਕ ਵਿੱਚ ਆਉਂਦੇ ਹਨ। ਜਦੋਂ ਅਸੀਂ ਰੁਕਾਵਟਾਂ ਦੀ ਪਛਾਣ ਕਰ ਲਈ, ਫਿਰ ਅਸੀਂ ਉਹਨਾਂ ਨੂੰ ਦੂਰ ਕਰਨ ਅਤੇ ਉਹਨਾਂ ਤੋਂ ਰੋਕਥਾਮ ਕਰਨ ਲਈ ਜੁਗਤਾਂ ਤਿਆਰ ਕਰਾਂਗੇ।

## ਡਿਜ਼ਾਈਨ ਰਾਹੀਂ ਪਹੁੰਚਯੋਗਤਾ

ਇਤਿਹਾਸਕ ਤੌਰ 'ਤੇ, ਇਲੈਕਸ਼ਨਜ਼ ਬੀ ਸੀ ਨੇ ਆਪਣੀਆਂ ਸੇਵਾਵਾਂ ਅਤੇ ਐਪੀਲੀਕੇਸ਼ਨਾਂ ਇਹ ਯਕੀਨੀ ਬਣਾਉਣ ਲਈ ਵਿਕਸਤ ਕੀਤੀਆਂ ਸਨ ਕਿ ਪਛਾਣੀਆਂ ਗਈਆਂ ਰੁਕਾਵਟਾਂ ਨਾਲ ਨਿਪਟਿਆ ਜਾਵੇ, ਪਰ ਅਸੀਂ ਉਹਨਾਂ ਨੂੰ ਲਗਾਤਾਰ "ਡਿਜ਼ਾਈਨ ਰਾਹੀਂ ਪਹੁੰਚਯੋਗਤਾ" ਦੀ ਪਹੁੰਚ ਨਾਲ ਵਿਕਸਤ ਨਹੀਂ ਕੀਤਾ। ਉਦਾਹਰਨ ਲਈ, ਇਲੈਕਸ਼ਨਜ਼ ਬੀ ਸੀ ਦੇ ਆਨਲਾਈਨ ਵੋਟਰ ਰਜਿਸਟ੍ਰੇਸ਼ਨ ਸਿਸਟਮ ਵਿੱਚ (ਇਲੈਕਸ਼ਨਜ਼ ਬੀ ਸੀ ਦੇ ਕਰਮਚਾਰੀਆਂ ਜਾਂ ਆਮ ਲੋਕਾਂ ਨੂੰ) ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਨਹੀਂ ਹੋਈ। ਪਰ ਅਜੇ ਤੱਕ ਇਲੈਕਸ਼ਨਜ਼ ਬੀ ਸੀ ਨੇ ਉਸ ਸਿਸਟਮ ਦੇ ਸੰਬੰਧ ਵਿੱਚ ਪਹੁੰਚਯੋਗਤਾ ਬਾਰੇ ਪੂਰੀ ਜਾਂਚ ਨਹੀਂ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸਾਰੇ ਵਰਤੋਂਕਾਰਾਂ ਲਈ ਵਰਤਣ ਲਈ ਸੌਖਾ ਅਤੇ ਪਹੁੰਚਯੋਗ ਹੈ, ਇਸ ਲਈ ਇਹ ਇਕ ਭਵਿੱਖ ਵਿੱਚ ਚੁੱਕਿਆ ਜਾਣ ਵਾਲਾ ਕਦਮ ਹੈ ("2023/24 ਤੋਂ 2025/26 ਵਿੱਚ ਸਾਡੀਆਂ ਤਰਜੀਹਾਂ" ਵਾਲਾ ਸੈਕਸ਼ਨ ਦੇਖੋ)।

ਇਲੈਕਸ਼ਨਜ਼ ਬੀ ਸੀ ਬਹੁਤ ਸਾਰੇ ਵਸੀਲੇ ਅਤੇ ਲਿਖਤਾਂ ਬਦਲਵੇਂ ਰੂਪਾਂ ਵਿੱਚ ਪ੍ਰਦਾਨ ਕਰਦਾ ਹੈ, ਖਾਸ ਤੌਰ 'ਤੇ ਜੇ ਉਹ ਕਿਸੇ ਨੂੰ ਵੋਟ ਪਾਉਣ ਲਈ ਚਾਹੀਦੇ ਹੋਣ। ਉਦਾਹਰਨ ਲਈ ਅਸੀਂ ਉਮੀਦਵਾਰਾਂ ਦੀ ਲਿਸਟ, ਅਨਕੌਨਟਰੈਕਟਡ ਬ੍ਰੇਲ ਵਿੱਚ ਪ੍ਰਦਾਨ ਕਰਦੇ ਹਾਂ। ਇਲੈਕਸ਼ਨਜ਼ ਬੀ ਸੀ ਬਦਲਵੇਂ ਰੂਪ ਵਿੱਚ ਸੌਖੀ ਬੋਲੀ ਵਿੱਚ ਲਿਖੇ ਹੋਰ ਵਸੀਲੇ ਪ੍ਰਦਾਨ ਕਰ ਸਕਦਾ ਹੈ, ਜਿਵੇਂ ਕਿ ਵੱਡੇ ਛਾਪੇ ਵਿੱਚ ਛਪੇ ਵੋਟ ਕਿੱਥੇ ਪਾਉਣੀ ਹੈ ਵਾਲੇ ਕਾਰਡ ਅਤੇ ਵੋਟਰਾਂ ਲਈ ਗਈਡਾਂ ਅਤੇ ਸਾਈਨ ਲੈਂਗੂਏਜ ਵਿੱਚ ਵੀਡੀਓ। ਅਸੀਂ ਕਰਮਚਾਰੀਆਂ ਲਈ ਸਿਖਲਾਈ ਲਈ ਕੈਪਸ਼ਨਾਂ ਵਾਲੀਆਂ ਵੀਡੀਓ ਵੀ ਬਣਾ ਸਕਦੇ ਹਾਂ।

## ਸਿਖਲਾਈ

ਕਰਮਚਾਰੀਆਂ ਨੂੰ ਸਿੱਖਿਅਤ ਕਰਨ ਅਤੇ ਵੋਟ ਪਾਉਣ ਵਾਲੀਆਂ ਥਾਂਵਾਂ ਅਤੇ ਜ਼ਿਲ੍ਹਾ ਚੋਣ ਦਫਤਰਾਂ ਵਿੱਚ ਵੋਟਰਾਂ ਦੀ ਸਹਾਇਤਾ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਲਈ ਇਲੈਕਸ਼ਨਜ਼ ਬੀ ਸੀ ਗਾਈਡਾਂ, ਵੀਡੀਓ, ਅਤੇ ਆਨਲਾਈਨ ਸਿੱਖਣ ਵਾਲੇ ਮੌਡਿਊਲਜ਼ ਵਰਗੀਆਂ ਸਮੱਗਰੀਆਂ ਤਿਆਰ ਕਰਦਾ ਹੈ। ਸੂਬਾਈ ਇਲੈਕਸ਼ਨਾਂ ਦੌਰਾਨ ਅਸੀਂ ਹਜ਼ਾਰਾਂ ਹੀ ਇਲੈਕਸ਼ਨ ਅਧਿਕਾਰੀਆਂ ਨੂੰ ਸਿਖਲਾਈ ਦਿੰਦੇ ਹਾਂ। 2024 ਦੀ ਆਮ ਸੂਬਾਈ ਚੋਣ ਲਈ, ਅਸੀਂ ਅਪਾਹਜਤਾਵਾਂ ਵਾਲੇ ਵੋਟਰਾਂ ਲਈ ਨਵੀਂਆਂ ਕਾਰਜਪ੍ਰਣਾਲੀਆਂ ਅਤੇ ਸਾਧਨ ਪ੍ਰਦਾਨ ਕਰਾਂਗੇ, ਜਿਵੇਂ ਕਿ ਪਹੁੰਚਯੋਗਤਾ ਵਾਲਾ ਵੋਟ ਪਾਉਣ ਵਾਲਾ ਸਿਸਟਮ (ਐਕਸੈਸੀਬਲ ਵੋਟਿੰਗ ਸਿਸਟਮ), ਜਿਹੜਾ ਜ਼ਿਲ੍ਹਾ ਚੋਣ ਦਫਤਰਾਂ ਵਿੱਚ ਹੋਵੇਗਾ। ਇਹ ਯਕੀਨੀ ਬਣਾਉਣ ਲਈ ਕਿ ਇਲੈਕਸ਼ਨ ਅਧਿਕਾਰੀ ਅਪਾਹਜਤਾਵਾਂ ਵਾਲੇ ਵੋਟਰਾਂ ਦੀ ਕੁਸ਼ਲਤਾ ਨਾਲ ਸੇਵਾ ਕਰਨ ਲਈ ਇਹ ਜਾਣਦੇ ਹੋਣ ਕਿ ਕਾਰਜਪ੍ਰਣਾਲੀਆਂ ਦੀ ਪਾਲਣਾ ਅਤੇ ਸੰਦਾਂ ਦੀ ਵਰਤੋਂ ਕਿਵੇਂ ਕਰਨੀ ਹੈ ਸਾਨੂੰ ਆਪਣੀ ਸਿਖਲਾਈ ਵਾਲੀ ਸਮੱਗਰੀ ਨੂੰ ਵਧਾਉਣ ਅਤੇ ਅਪਡੇਟ ਕਰਨ ਦੀ ਲੋੜ ਹੋਵੇਗੀ। ਇਸ ਨਾਲ ਸਾਨੂੰ ਉਹ ਰੁਕਾਵਟਾਂ ਦੂਰ ਕਰਨ ਵਿੱਚ ਮਦਦ ਮਿਲੇਗੀ ਜਿਹੜੀਆਂ ਰੁਕਾਵਟਾਂ ਕਰਮਚਾਰੀਆਂ ਦੀਆਂ ਗਲਤੀਆਂ ਨਾਲ ਪੈਦਾ ਹੁੰਦੀਆਂ ਹਨ।

# ਸਰੀਰਕ ਪਹੁੰਚਯੋਗਤਾ ਅਤੇ ਇਮਾਰਤਾਂ

ਵਿਕਟੋਰੀਆ ਵਿੱਚ ਸਾਡੇ ਹੈੱਡ ਆਫਿਸ ਜਾਂ ਸੈਂਟਰਲ ਸੈਨਿਚ ਵਿਚਲੇ ਆਪਣੇ ਵੇਅਰਹਾਊਸ ਵਿੱਚ ਇਲੈਕਸ਼ਨਜ਼ ਬੀ ਸੀ ਨੂੰ ਕਰਮਚਾਰੀਆਂ ਨੂੰ ਆਉਂਦੀਆਂ ਰੁਕਾਵਟਾਂ ਬਾਰੇ ਪਤਾ ਨਹੀਂ ਲੱਗਾ। ਵੋਟ ਪਾਉਣ ਵਾਲੀਆਂ ਥਾਂਵਾਂ ਦੀ ਚੋਣ ਕਰਨ ਸਮੇਂ ਅਸੀਂ ਉਹਨਾਂ ਵਿੱਚ ਸਰੀਰਕ ਪਹੁੰਚਯੋਗਤਾ ਦਾ ਮੁੱਲਾਂਕਣ ਕਰਦੇ ਹਾਂ। ਫਿਰ ਵੀ ਅਸੀਂ ਮੰਨਦੇ ਹਾਂ ਕਿ ਇਮਾਰਤਾਂ ਅਪਾਹਜਤਾਵਾਂ ਵਾਲੇ ਲੋਕਾਂ ਲਈ ਰੁਕਾਵਟਾਂ ਪੇਸ਼ ਕਰ ਸਕਦੀਆਂ ਹਨ ਅਤੇ ਸਮਾਂ ਲੰਘਣ ਨਾਲ ਇਸ ਖੇਤਰ ਵਿੱਚ ਪਹੁੰਚਯੋਗਤਾ ਦੀਆਂ ਲੋੜਾਂ ਬਦਲ ਜਾਂਦੀਆਂ ਹਨ। ਇਲੈਕਸ਼ਨਜ਼ ਬੀ ਸੀ ਲਗਾਤਾਰਤਾ ਨਾਲ ਇਮਾਰਤਾਂ ਵਿਚਲੀਆਂ ਰੁਕਾਵਟਾਂ ਦਾ ਪਤਾ ਲਾਉਣਾ ਅਤੇ ਪਤਾ ਲੱਗਣ ’ਤੇ ਉਹਨਾਂ ਨਾਲ ਨਿਪਟਣਾ ਜਾਰੀ ਰੱਖੇਗਾ।

ਜਦੋਂ ਕਿ ਐਡਵਾਂਸ ਵੋਟ ਪਾਉਣ ਵਾਲੀਆਂ ਸਾਰੀਆਂ ਥਾਂਵਾਂ ਅਤੇ ਆਖਰੀ ਦਿਨ ਨੂੰ ਵੋਟ ਪਾਉਣ ਵਾਲੀਆਂ ਥਾਂਵਾਂ ਵਿੱਚੋਂ ਬਹੁਤੀਆਂ ਥਾਂਵਾਂ ਤੁਰਨ ਫਿਰਨ ਵਿੱਚ ਯੰਤਰਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਸਰੀਰਕ ਤੌਰ ’ਤੇ ਪਹੁੰਚਯੋਗ ਹਨ ਪਰ ਆਖਰੀ ਦਿਨ ਨੂੰ ਵੋਟ ਪਾਉਣ ਵਾਲੀਆਂ ਕੁੱਝ ਥਾਂਵਾਂ ਸਰੀਰਕ ਤੌਰ ’ਤੇ ਪਹੁੰਚਯੋਗ ਨਹੀਂ ਹਨ। ਇਲੈਕਸ਼ਨਜ਼ ਬੀ ਸੀ ਲਈ ਵੋਟਾਂ ਦੇ ਆਖਰੀ ਦਿਨ ਨੂੰ ਵੋਟ ਪਾਉਣ ਲਈ ਸਾਰੇ ਸੂਬੇ ਵਿੱਚ ਵੱਡੀ ਗਿਣਤੀ ਵਿੱਚ ਥਾਂਵਾਂ ਨੂੰ ਕਿਰਾਏ ’ਤੇ ਲੈਣਾ ਜ਼ਰੂਰੀ ਹੁੰਦਾ ਹੈ, ਅਤੇ ਸੂਬੇ ਦੇ ਸਾਰੇ ਇਲਾਕਿਆਂ ਵਿੱਚ ਅਜਿਹੀਆਂ ਥਾਂਵਾਂ ਲੱਭਣ ਵਿੱਚ ਮੁਸ਼ਕਿਲ ਆ ਸਕਦੀ ਹੈ ਜਿਹੜੀਆਂ ਥਾਂਵਾਂ ਤੁਰਨ ਫਿਰਨ ਵਿੱਚ ਯੰਤਰਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਪੂਰੀ ਤਰ੍ਹਾਂ ਪਹੁੰਚਯੋਗ ਹੋਣ। ਕੁੱਝ ਕੇਸਾਂ ਵਿੱਚ ਅਪਗ੍ਰੇਡ ਅਤੇ ਆਰਜ਼ੀ ਤਬਦੀਲੀਆਂ ਕਰਕੇ ਅਸੀਂ ਵੋਟ ਪਾਉਣ ਵਾਲੀਆਂ ਥਾਂਵਾਂ ਦੀ ਪਹੁੰਚਯੋਗਤਾ ਵਿੱਚ ਸੁਧਾਰ ਕਰਨ ਦੇ ਯੋਗ ਹੁੰਦੇ ਹਾਂ। ਇਸ ਦੇ ਨਾਲ ਹੀ ਸਾਡੇ ਕੋਲ ਉਹਨਾਂ ਵੋਟਰਾਂ ਲਈ ਹੋਰ ਚੋਣਾਂ ਹੁੰਦੀਆਂ ਹਨ ਜਿਹੜੇ ਵੋਟ ਪਾਉਣ ਦੇ ਆਖਰੀ ਦਿਨ ਵੋਟ ਪਾਉਣ ਵਾਲੀ ਥਾਂ ਵਿੱਚ ਨਹੀਂ ਜਾ ਸਕਦੇ। ਉਦਾਹਰਨ ਲਈ ਉਹ ਡਾਕ ਰਾਹੀਂ ਵੋਟ ਪਾ ਸਕਦੇ ਹਨ, ਉਹ ਵੋਟ ਪਾਉਣ ਵਾਲੀ ਥਾਂ ’ਤੇ ਬਿਲਡਿੰਗ ਤੋਂ ਬਾਹਰ ਸੜਕ ’ਤੇ ਵੋਟ ਪਾ ਸਕਦੇ ਹਨ ਜਾਂ ਹੋ ਸਕਦਾ ਹੈ ਕਿ ਉਹ ਟੈਲੀਫੋਨ ਰਾਹੀਂ ਮਦਦ ਨਾਲ ਵੋਟ ਪਾਉਣ (ਅਸਿਸਟਡ ਟੈਲੀਫੋਨ ਵੋਟਿੰਗ) ਦੇ ਯੋਗ ਹੋਣ। ਉਹ ਵੋਟ ਪਾਉਣ ਵਾਲੀ ਕਿਸੇ ਹੋਰ ਥਾਂ ’ਤੇ ਵੀ ਵੋਟ ਪਾ ਸਕਦੇ ਹਨ। ਇਲੈਕਸ਼ਨਜ਼ ਬੀ ਸੀ ਵਲੋਂ ਵੋਟ ਕਿੱਥੇ ਪਾਉਣੀ ਹੈ ਵਾਲੇ ਕਾਰਡਾਂ ਅਤੇ ਆਪਣੇ ਵੈੱਬਸਾਈਟ ’ਤੇ ਉਹਨਾਂ ਵੋਟ ਪਾਉਣ ਵਾਲੀਆਂ ਥਾਂਵਾਂ ਬਾਰੇ ਦੱਸਿਆ ਗਿਆ ਹੁੰਦਾ ਹੈ, ਜਿਹੜੀਆਂ ਥਾਂਵਾਂ ਤੁਰਨ ਫਿਰਨ ਵਿੱਚ ਯੰਤਰਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਪਹੁੰਚਯੋਗ ਹੁੰਦੀਆਂ ਹਨ। ਅਸੀਂ ਅਜਿਹਾ ਵੋਟ ਪਾਉਣ ਵਾਲੀ ਥਾਂ ਦੇ ਨਾਂ ਦੇ ਨਾਲ ਪਹੁੰਚ ਦਾ ਅੰਤਰਰਾਸ਼ਟਰੀ ਚਿੰਨ (ਇੰਟਰਨੈਸ਼ਨਲ ਸਿੰਬਲ ਆਫ ਐਕਸੈੱਸ) ਲਾ ਕੇ ਕਰਦੇ ਹਾਂ। ਇਹ ਯਕੀਨੀ ਬਣਾਉਣਾ ਕਿ ਵੋਟਰਾਂ ਨੂੰ ਆਪਣੀ ਵੋਟ ਪਾਉਣ ਵਾਲੀ ਥਾਂ ਦੀ ਇਮਾਰਤੀ ਪਹੁੰਚਯੋਗਤਾ ਬਾਰੇ ਅਤੇ ਉਹਨਾਂ ਲਈ ਵੋਟ ਪਾਉਣ ਲਈ ਬਦਲਵੀਂ ਥਾਂ ਬਾਰੇ ਪਤਾ ਹੋਵੇ ਰੁਕਾਵਟਾਂ ਘਟਾਉਣ ਦੀ ਕੁੰਜੀ ਹੈ।

# ਵੋਟ ਪਾਉਣ ਦੇ ਅਮਲ ਦੀ ਪਹੁੰਚਯੋਗਤਾ

ਬ੍ਰਿਟਿਸ਼ ਕੋਲੰਬੀਆ ਦਾ ਵੋਟਾਂ ਵਾਲਾ ਕਾਨੂੰਨ ਸਾਡੇ ਵੋਟਾਂ ਦੇ ਅਮਲ ਨੂੰ ਬਹੁਤ ਪਹੁੰਚਯੋਗ ਬਣਾਉਂਦਾ ਹੈ (“ਵੋਟ ਪਾਉਣ ਵਿੱਚ ਪਹੁੰਚਯੋਗਤਾ” ਵਾਲਾ ਹਿੱਸਾ ਦੇਖੋ)। ਉਦਾਹਰਨ ਲਈ ਅਪਾਹਜਤਾਵਾਂ ਵਾਲੇ ਵੋਟਰ ਜ਼ਿਲ੍ਹਾ ਚੋਣ ਦਫਤਰਾਂ ਵਿੱਚ ਟੈਲੀਫੋਨ ਰਾਹੀਂ ਮਦਦ ਨਾਲ ਵੋਟ ਪਾ ਸਕਦੇ ਹਨ ਜਾਂ ਵੋਟ ਪਾਉਣ ਦੇ ਪਹੁੰਚਯੋਗ ਸਿਸਟਮ (ਐਕਸੈਸੀਬਲ ਵੋਟਿੰਗ ਸਿਸਟਮ) ਰਾਹੀਂ ਵੋਟ ਪਾ ਸਕਦੇ ਹਨ। ਦੋਵੇਂ ਚੋਣਾਂ ਵੋਟ ਪਾਉਣ ਨੂੰ ਗੁਪਤ ਰੱਖਦੀਆਂ ਹਨ। ਜ਼ਿਲ੍ਹਾ ਚੋਣ ਦਫਤਰਾਂ ਵਿਚਲਾ ਵੋਟ ਪਾਉਣ ਦਾ ਪਹੁੰਚਯੋਗ ਸਿਸਟਮ (ਐਕਸੈਸੀਬਲ ਵੋਟਿੰਗ ਸਿਸਟਮ) ਵੋਟਰਾਂ ਨੂੰ ਆਪਣੀ ਵੋਟ ਪੂਰੀ ਅਜ਼ਾਦੀ ਨਾਲ ਪਾਉਣ ਦੀ ਆਗਿਆ ਦਿੰਦਾ ਹੈ। ਇਲੈਕਸ਼ਨਜ਼ ਬੀ ਸੀ 2024 ਦੀਆਂ ਆਮ ਚੋਣਾਂ ਵਿੱਚ ਪਹਿਲੀ ਵਾਰੀ ਇਹ ਸਿਸਟਮ ਸੂਬੇ ਭਰ ਦੀ ਪੱਧਰ ’ਤੇ ਲਾਗੂ ਕਰੇਗਾ। ਹੋ ਸਕਦਾ ਹੈ ਉਸ ਸਮੇਂ ਇਲੈਕਸ਼ਨਜ਼ ਬੀ ਸੀ ਨੂੰ ਅਮਲ ਵਿਚਲੀਆਂ ਹੋਰ ਰੁਕਾਵਟਾਂ ਬਾਰੇ ਪਤਾ ਲੱਗੇ।

ਜੇ ਕੋਈ ਵੋਟਰ ਡਾਕ ਰਾਹੀਂ ਵੋਟ ਪਾਉਣ ਦੇ ਸੰਬੰਧ ਵਿੱਚ ਰਜਿਸਟਰ ਹੋ ਰਿਹਾ ਹੈ, ਤਾਂ ਉਸ ਲਈ ਆਪਣੀ ਪਛਾਣ ਅਤੇ ਰਿਹਾਇਸ਼ੀ ਪਤੇ ਨੂੰ ਸਿੱਧ ਕਰਨਾ ਜ਼ਰੂਰੀ ਹੈ। ਇਤਿਹਾਸਕ ਤੌਰ ’ਤੇ ਇਸ ਲਈ ਵੋਟਰ ਨੂੰ ਡਾਕ ਰਾਹੀਂ ਵੋਟ ਪਾਉਣ ਦੇ ਪੈਕਜ ਨਾਲ ਪ੍ਰਵਾਨਤ ਪਛਾਣ ਪੱਤਰਾਂ (ਆਈ ਡੀ) ਦੀਆਂ ਫੋਟੋਕਾਪੀਆਂ ਭੇਜਣੀਆਂ ਪੈਂਦੀਆਂ ਸਨ। ਕਾਨੂੰਨ ਵਿੱਚ ਹੋਈਆਂ ਤਾਜ਼ਾ ਤਬਦੀਲੀਆਂ ਇਲੈਕਸ਼ਨਜ਼ ਬੀ ਸੀ ਨੂੰ ਵੋਟਰ ਦੀ ਪਛਾਣ ਦੀ ਤਸਦੀਕ ਕਰਨ ਲਈ ਡਿਜੀਟਲ ਸਾਧਨ ਵਰਤਣ ਦੀ ਆਗਿਆ ਦਿੰਦੀਆਂ ਹਨ, ਜਿਵੇਂ ਕਿ ਪ੍ਰਵਾਨਤ ਪਛਾਣ ਪੱਤਰ (ਆਈ ਡੀ) ਦੀ ਫੋਟੋ ਨੂੰ ਕਿਸੇ ਸੁਰੱਖਿਅਤ ਵੈੱਬਸਾਈਟ ’ਤੇ ਅਪਲੋਡ ਕਰਨਾ। 2023 ਵਿੱਚ ਪਹੁੰਚਯੋਗਤਾ ਦੀ ਪਲੈਨ ਦੇ ਲਿਖੇ ਜਾਣ ਸਮੇਂ ਤੱਕ ਇਲੈਕਸ਼ਨਜ਼ ਬੀ ਸੀ ਨੇ ਅਜੇ ਤੱਕ ਇਹ ਕੰਮ ਕਰਨ ਦੀ ਯੋਗਤਾ ਵਿਕਸਤ ਨਹੀਂ ਕੀਤੀ ਸੀ। ਹੋ ਸਕਦਾ ਹੈ ਕਿ ਡਾਕ ਰਾਹੀਂ ਵੋਟ ਪਾਉਣ ਦੇ ਅਮਲ ਦਾ ਇਹ ਹਿੱਸਾ ਅਜੇ ਵੀ ਕੁੱਝ ਵੋਟਰਾਂ ਲਈ ਰੁਕਾਵਟ ਬਣੇ। ਇਲੈਕਸ਼ਨਜ਼ ਬੀ ਸੀ ਦੀ 2024 ਦੀ ਆਮ ਚੋਣ ਤੋਂ ਪਹਿਲਾਂ “ਪਹਿਲਾਂ ਪਹੁੰਚਯੋਗਤਾ” ਦੀ ਪਹੁੰਚ ਨਾਲ ਇਸ ਖੇਤਰ ਵਿੱਚ ਸੁਧਾਰ ਕਰਨ ਦੀ ਯੋਜਨਾ ਹੈ।

# 2023/24 ਤੋਂ ਲੈ ਕੇ 2025/26 ਤੱਕ ਸਾਡੀਆਂ ਤਰਜੀਹਾਂ

ਅਸੀਂ ਹੇਠਾਂ 2023/24 ਤੋਂ ਲੈ ਕੇ 2025/26 ਤੱਕ ਦੀਆਂ ਆਪਣੀਆਂ ਤਰਜੀਹਾਂ ਦਾ ਖਾਕਾ ਦੇ ਰਹੇ ਹਾਂ। ਹੋ ਸਕਦਾ ਹੈ ਕਿ ਅਸੀਂ ਆਪਣੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਅਤੇ ਆਮ ਲੋਕਾਂ ਤੋਂ ਮਿਲੀ ਰਾਇ ਦੇ ਆਧਾਰ ’ਤੇ ਇਸ ਸਮੇਂ ਦੌਰਾਨ ਕੁੱਝ ਹੋਰ ਤਰਜੀਹਾਂ ਦੀ ਪਛਾਣ ਕਰੀਏ। ਸਾਡੀਆਂ ਮੌਜੂਦਾ ਤਰਜੀਹਾਂ ਇਸ ਪ੍ਰਕਾਰ ਹਨ:

## ਤਰਜੀਹ 1: ਅਗਲੀ ਸੂਬਾਈ ਆਮ ਇਲੈਕਸ਼ਨ ਲਈ ਵੋਟ ਪਾਉਣ ਵਿੱਚ ਆਧੁਨਿਕੀਕਰਨ ਲਾਗੂ ਕਰਨਾ

ਅਗਲੀ ਸੂਬਾਈ ਆਮ ਇਲੈਕਸ਼ਨ 19 ਅਕਤੂਬਰ, 2024 ਨੂੰ ਹੋਣੀ ਨਿਯਤ ਹੈ। ਇਹ ਇਲੈਕਸ਼ਨ ਆਧੁਨਿਕ *ਇਲੈਕਸ਼ਨ ਐਕਟ* ਹੇਠ ਕਰਵਾਈ ਗਈ ਪਹਿਲੀ ਆਮ ਇਲੈਕਸ਼ਨ ਹੋਵੇਗੀ। ਵੋਟ ਪਾਉਣ ਵਿੱਚ ਆਧੁਨਿਕੀਕਰਨ ਸਾਨੂੰ ਵੋਟ ਪਾਉਣ ਦੇ ਅਮਲ ਵਿੱਚ ਸੁਧਾਰ ਕਰਨ ਦੀ ਆਗਿਆ ਦੇਵੇਗਾ। ਇਲੈਕਸ਼ਨ ਦਾ ਪ੍ਰਬੰਧ ਕਰਨ ਲਈ ਅਸੀਂ ਨਵੀਂ ਤਕਨੌਲੋਜੀ ਵਰਤਾਂਗੇ, ਜਿਸ ਵਿੱਚ ਕਾਗਜ਼ ਦੀਆਂ ਚੋਣ ਪਰਚੀਆਂ ਗਿਣਨ ਲਈ ਟੈਬੂਲੇਟਰਾਂ ਦੀ ਵਰਤੋਂ ਅਤੇ ਵੋਟਰਾਂ ਨੂੰ ਦੇਖਣ ਅਤੇ ਵੋਟਰ ਲਿਸਟ ਵਿੱਚ ਉਹਨਾਂ ਦੇ ਨਾਂ ’ਤੇ ਲੀਕ ਫੇਰਨ ਲਈ ਲੈਪਟੌਪਾਂ ਦੀ ਵਰਤੋਂ ਸ਼ਾਮਲ ਹੈ। ਟੈਬੂਲੇਟਰ ਇਲੈਕਸ਼ਨਜ਼ ਬੀ ਸੀ ਨੂੰ ਵੱਡੀ ਪੱਧਰ ’ਤੇ ਅਪਾਹਜਤਾਵਾਂ ਵਾਲੇ ਵੋਟਰਾਂ ਦੀ ਮਦਦ ਕਰਨ ਵਾਲੇ ਯੰਤਰਾਂ ਦੀ ਵਰਤੋਂ ਕਰਨ ਦੇਣਗੇ ਕਿਉਂਕਿ ਟੈਬੂਲੇਟਰ ਪਹੁੰਚਯੋਗ ਵੋਟਿੰਗ ਸਿਸਟਮ (ਐਕਸੈਸੀਬਲ ਵੋਟਿੰਗ ਸਿਸਟਮ) ਦਾ ਅੰਗ ਹਨ, ਜਿਹੜਾਂ ਸਾਰੇ ਜ਼ਿਲ੍ਹਾ ਚੋਣ ਦਫਤਰਾਂ ਵਿੱਚ ਹੋਵੇਗਾ। ਇਸ ਦੇ ਨਾਲ ਹੀ, ਜੇ ਕੋਈ ਵੋਟਰ ਚੋਣ ਪਰਚੀ (ਬੈਲਟ) ’ਤੇ ਕੋਈ ਗਲਤੀ ਕਰੇਗਾ, ਟੈਬੂਲੇਟਰ ਉਸ ਸਮੇਂ ਇਸ ਬਾਰੇ ਇਲੈਕਸ਼ਨ ਅਧਿਕਾਰੀ ਨੂੰ ਦੱਸ ਦੇਵੇਗਾ ਤਾਂ ਕਿ ਵੋਟਰ ਆਪਣੀ ਚੋਣ ਪਰਚੀ (ਬੈਲਟ) ਨੂੰ ਠੀਕ ਕਰ ਸਕੇ। ਇਕ ਹੋਰ ਫਾਇਦਾ ਇਹ ਹੋਵੇਗਾ ਕਿ ਵੋਟਰ ਵੋਟ ਪਾਉਣ ਵਾਲੀ ਥਾਂ ’ਤੇ ਆਉਣ ਦੇ ਕ੍ਰਮ ਅਨੁਸਾਰ ਵੋਟ ਪਾਉਣਗੇ ਨਾ ਕਿ ਵੋਟ ਪਾਉਣ ਵਾਲੀ ਥਾਂ ’ਤੇ ਵੋਟ ਪਾਉਣ ਦੇ ਕਿਸੇ ਖਾਸ ਸਟੇਸ਼ਨ ’ਤੇ। ਇਸ ਨਾਲ ਵੋਟ ਪਾਉਣ ਵਾਲੀਆਂ ਥਾਂਵਾਂ ’ਤੇ ਵੋਟਰਾਂ ਵਲੋਂ ਉਡੀਕ ਕਰਨ ਦੇ ਸਮੇਂ ਵਿੱਚ ਕਮੀ ਆਉਣੀ ਚਾਹੀਦੀ ਹੈ।

ਉੱਪ ਚੋਣਾਂ ਦੌਰਾਨ ਸਾਨੂੰ ਛੋਟੀ ਪੱਧਰ ’ਤੇ ਵੋਟ ਪਾਉਣ ਦੇ ਆਧੁਨਿਕ ਅਮਲਾਂ ਦੀ ਵਰਤੋਂ ਕਰਨ ਦਾ ਮੌਕਾ ਮਿਲਿਆ ਸੀ। 2024 ਦੀ ਆਮ ਸੂਬਾਈ ਇਲੈਕਸ਼ਨ ਤੋਂ ਪਹਿਲਾਂ ਆਪਣੇ ਅਮਲਾਂ ਨੂੰ ਟੈੱਸਟ ਕਰਦੇ ਰਹਾਂਗੇ। ਇਸ ਵਿੱਚ ਕਿਸੇ ਵੀ ਰੁਕਾਵਟ ਦੀ ਪਛਾਣ ਕਰਨ ਲਈ ਅਮਲਾਂ ਨੂੰ ਟੈੱਸਟ ਕਰਨ ਲਈ ਅਪਾਹਜਤਾਵਾਂ ਵਾਲੇ ਲੋਕਾਂ ਨਾਲ ਕੰਮ ਕਰਨਾ ਸ਼ਾਮਲ ਹੋਵੇਗਾ ਤਾਂ ਜੋ ਅਸੀਂ ਉਹਨਾਂ ਨੂੰ ਦੂਰ ਕਰ ਸਕੀਏ ਅਤੇ ਉਹਨਾਂ ਤੋਂ ਰੋਕਥਾਮ ਕਰ ਸਕੀਏ।

## ਤਰਜੀਹ 2: ਇਲੈਕਸ਼ਨਜ਼ ਬੀ ਸੀ ਦੇ ਵੈੱਬਸਾਈਟ ਅਤੇ ਆਨਲਾਈਨ ਵੋਟਰ ਰਜਿਸਟ੍ਰੇਸ਼ਨ ਸਿਸਟਮ ਦਾ ਪਹੁੰਚਯੋਗਤਾ ਲਈ ਰਿਵੀਊ ਕਰਨਾ

ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਪਾਹਜਤਾਵਾਂ ਵਾਲੇ ਲੋਕ ਇਲੈਕਸ਼ਨਜ਼ ਬੀ ਸੀ ਵਲੋਂ ਦਿੱਤੀ ਜਾਂਦੀ ਜਾਣਕਾਰੀ ਅਤੇ ਸੰਚਾਰ ਨੂੰ ਲੈ ਅਤੇ ਸਮਝ ਸਕਣ, ਸਮੇਤ ਸਾਡੇ ਵੈੱਬਸਾਈਟ ਉੱਪਰ ਦਿੱਤੀ ਜਾਂਦੀ ਜਾਣਕਾਰੀ ਦੇ। ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਲੋਕ ਵੋਟ ਪਾਉਣ ਲਈ ਸੌਖ ਨਾਲ ਰਜਿਸਟਰ ਹੋ ਸਕਣ। ਇਹਨਾਂ ਕਾਰਨਾਂ ਕਰਕੇ ਇਲੈਕਸ਼ਨਜ਼ ਬੀ ਸੀ ਆਪਣੇ ਵੈੱਬਸਾਈਟ ’ਤੇ ਪਾਈ ਜਾਂਦੀ ਸਮੱਗਰੀ, ਵੈੱਬਸਾਈਟ ਦੇ ਡਿਜ਼ਾਇਨ ਅਤੇ ਆਨਲਾਈਨ ਵੋਟਰ ਰਜਿਸਟ੍ਰੇਸ਼ਨ ਸਿਸਟਮ ਦਾ ਰਿਵੀਊ ਕਰਨ ਲਈ ਅਪਾਹਜਤਾਵਾਂ ਵਾਲੇ ਲੋਕਾਂ ਨਾਲ ਮਿਲ ਕੇ ਕੰਮ ਕਰੇਗਾ। ਇਸ ਵਿੱਚ ਮਦਦ ਕਰਨ ਵਾਲੀਆਂ ਤਕਨੌਲੋਜੀਆਂ (ਅਸਿਸਟਿਵ ਟੈਕਨੌਲੋਜੀਜ਼) ਨਾਲ ਟੈੱਸਟ ਕਰਨਾ ਸ਼ਾਮਲ ਹੈ। ਉਦਾਹਰਨ ਲਈ ਅਸੀਂ ਯਕੀਨੀ ਬਣਾਵਾਂਗੇ ਕਿ ਸਾਡੇ ਵੈੱਬਸਾਈਟ ਉੱਪਰਲੀ ਸਮੱਗਰੀ, ਦਸਤਾਵੇਜ਼ਾਂ ਅਤੇ ਗਾਈਡਾਂ ਹੇਠ ਲਿਖੇ ਅਨੁਸਾਰ ਹੋਣ:

- ਸਕਰੀਨ ਰੀਡਰਾਂ, ਸਕਰੀਨ ਮੈਗਨੀਫਾਇਰਜ਼, ਦੁਬਾਰਾ ਤਾਜ਼ਾ ਕੀਤੇ ਜਾ ਸਕਣ ਵਾਲੇ ਬ੍ਰੇਲ ਦੇ ਡਿਸਪਲੇਅ ਅਤੇ ਕੀਅਬੋਰਡ ਨੈਵੀਗੇਸ਼ਨ ਵਰਗੀਆਂ ਮਦਦ ਕਰਨ ਵਾਲੀਆਂ ਤਕਨੌਲੋਜੀਆਂ ਨਾਲ ਮੇਲ ਖਾਂਦੀਆਂ ਹੋਣ;
- ਸੌਖੀ ਬੋਲੀ ਵਿੱਚ ਲਿਖੀਆਂ ਗਈਆਂ ਹੋਣ; ਅਤੇ
- ਸਰਲ ਲੇਆਊਟ ਵਿੱਚ ਸਪਸ਼ਟ ਹੋਣ।

## ਤਰਜੀਹ 3: ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਕਈ ਰੂਪਾਂ ਵਿੱਚ ਜਾਣਕਾਰੀ ਦੇਣੀ

ਸਾਡੇ ਵਲੋਂ ਸੀ ਐੱਨ ਏ ਐੱਸ ਤਿਆਰ ਕੀਤਾ ਜਾਣਾ ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਲਈ ਪਹੁੰਚਯੋਗਤਾ ਵਿੱਚ ਸੁਧਾਰ ਕਰਨ ਦਾ ਇਕ ਵੱਡਾ ਕਦਮ ਹੈ। ਅਸੀਂ ਇਸ ਵਿੱਚ ਹੋਰ ਸੁਧਾਰ ਕਰਨ ਦੇ ਢੰਗ ਲੱਭ ਰਹੇ ਹਾਂ। ਉਦਾਹਰਨ ਲਈ ਸੰਨ 2022 ਵਿੱਚ ਇਕ ਹਿੱਸਾ ਲੈਣ ਵਾਲੇ ਦੀ ਬੇਨਤੀ ਦੇ ਆਧਾਰ 'ਤੇ ਅਸੀਂ ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਲਈ ਜਾਣਕਾਰੀ ਦੇਣ ਦੇ ਇਕ ਆਨਲਾਈਨ ਸੈਸ਼ਨ ਵਿੱਚ ਸਾਈਨ ਲੈਂਗੂਏਜ ਵਿੱਚ ਦੋਭਾਸ਼ੀਏ ਦੀ ਸੇਵਾ ਪ੍ਰਦਾਨ ਕੀਤੀ ਸੀ। ਭਵਿੱਖ ਵਿੱਚ ਜਾਣਕਾਰੀ ਦੇਣ ਦੇ ਸੈਸ਼ਨਾਂ ਵਿੱਚ ਅਸੀਂ ਸਾਈਨ ਲੈਂਗੂਏਜ ਵਿੱਚ ਦੋਭਾਸ਼ੀਏ ਦੀਆਂ ਸੇਵਾਵਾਂ ਅਤੇ ਕੈਪਸ਼ਨਾਂ ਦੀ ਸੇਵਾ ਵਰਗੀਆਂ ਹੋਰ ਸੇਵਾਵਾਂ ਦੇਣ ਨੂੰ ਇਕ ਤਰਜੀਹ ਬਣਾਵਾਂਗੇ। ਅਸੀਂ ਸਮਝਦੇ ਹਾਂ ਕਿ ਸਿਰਫ ਕਿਸੇ ਵਲੋਂ ਬੇਨਤੀ ਕਰਨ 'ਤੇ ਇਹ ਸੇਵਾਵਾਂ ਦੇਣ ਦੀ ਥਾਂ ਜਾਣਕਾਰੀ ਦੇ ਸਾਰੇ ਸੈਸ਼ਨਾਂ ਵਿੱਚ ਇਹ ਸੇਵਾਵਾਂ ਦੇਣਾ ਵਧੀਆ ਹੋਵੇਗਾ। ਇਸ ਨਾਲ ਇਹਨਾਂ ਸੇਵਾਵਾਂ ਦੀ ਲੋੜ ਵਾਲੇ ਲੋਕਾਂ ਲਈ ਸੈਸ਼ਨਾਂ ਵਿੱਚ ਹਾਜ਼ਰ ਹੋਣਾ ਸੌਖਾ ਹੋਵੇਗਾ, ਭਾਵੇਂ ਸੈਸ਼ਨਾਂ ਵਿੱਚ ਹਾਜ਼ਰ ਹੋਣ ਦਾ ਫੈਸਲਾ ਉਹਨਾਂ ਅਖੀਰਲੇ ਮਿੰਟ 'ਤੇ ਹੀ ਕੀਤਾ ਹੋਵੇ। ਜੇ ਅਸੀਂ ਆਪਣੇ ਜਾਣਕਾਰੀ ਦੇ ਸੈਸ਼ਨਾਂ ਵਿੱਚ ਇਹ ਸੇਵਾਵਾਂ ਪੇਸ਼ ਕਰਾਂਗੇ ਤਾਂ ਅਸੀਂ ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਲਈ ਪਹੁੰਚਯੋਗਤਾ ਦੇ ਮਾਡਲ ਵਜੋਂ ਕੰਮ ਕਰ ਸਕਦੇ ਹਾਂ। ਇਹ ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਆਪਣੀਆਂ ਮੀਟਿੰਗਾਂ ਵਿੱਚ ਇਹ ਸੇਵਾਵਾਂ ਦੇਣ ਲਈ ਉਤਸ਼ਾਹਿਤ ਕਰ ਸਕਦਾ ਹੈ।

## ਤਰਜੀਹ 4: ਵੋਟਰਾਂ ਨੂੰ ਕਈ ਰੂਪਾਂ ਵਿੱਚ ਜਾਣਕਾਰੀ ਦੇਣੀ

ਅਸੀਂ ਵੋਟਰਾਂ ਨਾਲ ਆਪਣੀ ਜਾਣਕਾਰੀ ਕਈ ਰੂਪਾਂ ਵਿੱਚ ਸਾਂਝੀ ਕਰਨ ਦੇ ਢੰਗਾਂ ਨੂੰ ਦੇਖ ਰਹੇ ਹਾਂ, ਖਾਸ ਕਰਕੇ ਅਗਲੀ ਸੂਬਾਈ ਇਲੈਕਸ਼ਨ ਲਈ। ਇਸ ਵਿੱਚ ਆਪਣੀ ਜਾਣਕਾਰੀ ਵੱਡੇ ਛਾਪੇ ਵਿੱਚ, ਅਨਕੌਨਟ੍ਰੈਕਟਿਡ ਜਾਂ ਕੌਨਟ੍ਰੈਕਟਿਡ ਬ੍ਰੇਲ ਵਿੱਚ, ਆਡੀਓ ਅਤੇ ਸਾਈਨ ਲੈਂਗੂਏਜ ਵਾਲੀਆਂ ਵੀਡੀਓ ਵਿੱਚ ਦੇਣਾ ਸ਼ਾਮਲ ਹੋ ਸਕਦਾ ਹੈ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸਾਡੀ ਸਾਰੀ ਸਮੱਗਰੀ ਅਤੇ ਰੂਪ ਸੌਖੀ ਬੋਲੀ ਵਿੱਚ ਹੋਣ।

## ਤਰਜੀਹ 5: ਇਲੈਕਸ਼ਨ ਅਧਿਕਾਰੀਆਂ ਅਤੇ ਜ਼ਿਲ੍ਹਾ ਚੋਣ ਦਫਤਰ ਦੇ ਸਟਾਫ ਲਈ ਸਿੱਖਲਾਈ ਦੀ ਸਮੱਗਰੀ ਵਿੱਚ ਵਾਧਾ ਕਰਨਾ

ਆਪਣੀ ਸਿਖਲਾਈ ਦੀ ਸਮੱਗਰੀ ਦਾ ਰਿਵੀਊ ਕਰਨ ਅਤੇ ਉਸ ਵਿੱਚ ਸੁਧਾਰ ਕਰਨ ਲਈ ਅਸੀਂ ਅਪਾਹਜਤਾਵਾਂ ਵਾਲੇ ਲੋਕਾਂ ਨਾਲ ਮਿਲ ਕੇ ਕੰਮ ਕਰਾਂਗੇ। ਇਸ ਸਮੱਗਰੀ ਵਿੱਚ ਸਾਡੀਆਂ ਗਾਈਡਾਂ, ਵੀਡੀਓ ਅਤੇ ਸਿੱਖਣ ਲਈ ਆਨਲਾਈਨ ਮੌਡਿਊਲ ਸ਼ਾਮਲ ਹਨ। ਇਹ ਯਕੀਨੀ ਬਣਾਉਣ ਲਈ ਅਪਾਹਜਤਾਵਾਂ ਵਾਲੇ ਕਰਮਚਾਰੀ ਸਾਡੀ ਸਿਖਲਾਈ ਦੀ ਸਮੱਗਰੀ ਤੱਕ ਸੌਖ ਨਾਲ ਪਹੁੰਚ ਕਰ ਸਕਣ, ਅਸੀਂ ਆਪਣੀ ਸਮੱਗਰੀ ਦੇ ਰੂਪ ਅਤੇ ਵਿਸ਼ਾ-ਵਸਤੂ ਦਾ ਰਿਵੀਊ ਕਰਾਂਗੇ। ਇਸ ਦੇ ਨਾਲ ਹੀ, ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸਾਡੀ ਸਿਖਲਾਈ ਦੀ ਸਮੱਗਰੀ ਸਾਡੇ ਕਰਮਚਾਰੀਆਂ ਨੂੰ ਸਪਸ਼ਟ ਰੂਪ ਵਿੱਚ ਹੇਠ ਲਿਖੀਆਂ ਚੀਜ਼ਾਂ ਬਾਰੇ ਦੱਸੇ:

- ਵੋਟ ਪਾਉਣ ਵਾਲੀ ਥਾਂ ਅਤੇ ਜ਼ਿਲ੍ਹਾ ਚੋਣ ਦਫਤਰ ਵਿੱਚ ਵੋਟਰਾਂ ਦੀ ਮਦਦ ਕਿਵੇਂ ਕਰਨੀ ਹੈ, ਜੇ ਉਹ ਮਦਦ ਚਾਹੁੰਦੇ ਹੋਣ ਤਾਂ; ਅਤੇ
- ਸੰਦਾਂ ਅਤੇ ਵਸੀਲਿਆਂ ਦੀ ਵਰਤੋਂ ਕਿਵੇਂ ਕਰਨੀ ਹੈ, ਜਿਵੇਂ ਬ੍ਰੇਲ ਵਿਚ ਚੋਣ ਪਰਚੀ ਦੇ ਨਮੂਨੇ ਅਤੇ ਐਕਸੈਸੀਬਲ ਵੋਟਿੰਗ ਸਿਸਟਮ ਦੀ।

ਆਰਜ਼ੀ ਸਟਾਫ ਰੱਖਣ ਵਾਲੇ ਕਰਮਚਾਰੀਆਂ ਲਈ, ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸਾਡੀ ਸਿਖਲਾਈ ਦੀ ਸਮੱਗਰੀ ਇਲੈਕਸ਼ਨਜ਼ ਬੀ ਸੀ ਵਿੱਚ ਵਿਹਾਰ ਦੇ ਮਿਆਰਾਂ ਅਤੇ ਇਲੈਕਸ਼ਨਜ਼ ਬੀ ਸੀ ਵਿੱਚ ਸਤਿਕਾਰ ਅਤੇ ਸ਼ਮੂਲੀਅਤ ਦੀ ਮਹੱਤਤਾ ਬਾਰੇ ਸਪਸ਼ਟਤਾ ਨਾਲ ਦਸਦੀ ਹੋਵੇ। ਅਸੀਂ ਚਾਹੁੰਦੇ ਹਾਂ ਕਿ ਸਾਡੇ ਸਾਰੇ ਕਰਮਚਾਰੀ ਮਹਿਸੂਸ ਕਰਨ ਕਿ ਉਹਨਾਂ ਦਾ ਇਲੈਕਸ਼ਨਜ਼ ਬੀ ਸੀ ਵਿੱਚ ਸਵਾਗਤ ਹੈ ਅਤੇ ਉਹ ਇਸ ਦਾ ਹਿੱਸਾ ਹਨ। ਅਪਾਹਜਤਾਵਾਂ ਵਾਲੇ ਲੋਕਾਂ ਨੂੰ ਕੰਮ 'ਤੇ ਰੱਖਣਾ ਵਤੀਰੇ ਨਾਲ ਸੰਬੰਧਿਤ ਰੁਕਾਵਟਾਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ ਅਤੇ ਇਹ ਇਲੈਕਸ਼ਨਜ਼ ਬੀ ਸੀ ਨੂੰ ਵੰਨ-ਸੁਵੰਨੇ ਹੁਨਰਾਂ ਅਤੇ ਗਿਆਨ ਤੋਂ ਫਾਇਦਾ ਲੈਣ ਦੇ ਯੋਗ ਬਣਾਉਂਦਾ ਹੈ।

## ਤਰਜੀਹ 6: ਸਾਡੇ ਕੰਮ ਵਾਲੀ ਥਾਂ ’ਤੇ ਪਹੁੰਚਯੋਗਤਾ ਵਿੱਚ ਕਿਵੇਂ ਸੁਧਾਰ ਕੀਤਾ ਜਾ ਸਕਦਾ ਹੈ, ਇਸ ਬਾਰੇ ਇਲੈਕਸ਼ਨਜ਼ ਬੀ ਸੀ ਦੇ ਕਰਮਚਾਰੀਆਂ ਤੋਂ ਰਾਇ ਲੈਣਾ

ਸਾਡੀ ਆਪਣੀਆਂ ਕੰਮ ਵਾਲੀਆਂ ਥਾਂਵਾਂ ’ਤੇ ਵਾਤਾਵਰਨ, ਵਤੀਰਿਆਂ, ਅਮਲਾਂ, ਨੀਤੀਆਂ, ਜਾਣਕਾਰੀ, ਸੰਚਾਰ ਜਾਂ ਤਕਨੌਲੋਜੀਆਂ ਕਾਰਨ ਪੈਦਾ ਹੋਈਆਂ ਰੁਕਾਵਟਾਂ ਨੂੰ ਘੱਟ ਕਰਨ ਦੇ ਢੰਗਾਂ ਬਾਰੇ ਸਟਾਫ ਤੋਂ ਰਾਇ ਲੈਣ ਦੀ ਪਲੈਨ ਹੈ। ਸਾਡਾ ਟੀਚਾ ਪਹੁੰਚਯੋਗਤਾ ਨਾਲ ਸੰਬੰਧਿਤ ਭਰੋਸਯੋਗ ਕੰਮ-ਮਾਲਕ ਵਜੋਂ ਆਪਣੇ ਦਰਜੇ ਵਿੱਚ ਸੁਧਾਰ ਕਰਨਾ ਹੈ, ਅਤੇ ਨੌਕਰੀ ਦੇ ਮੌਕਿਆਂ ਨੂੰ ਪੈਦਾ ਕਰਨ ਅਤੇ ਆਪਣਾ ਕੰਮ ਕਰਨ ਸਮੇਂ ਅਪਾਹਜਤਾਵਾਂ ਵਾਲੇ ਕਰਮਚਾਰੀਆਂ ਦੀਆਂ ਲੋੜਾਂ ਦਾ ਧਿਆਨ ਰੱਖਣਾ ਹੈ। ਇਸ ਦਾ ਮਤਲਬ ਲਗਾਤਾਰ ਡਿਜੀਟਲ ਪਹੁੰਚਯੋਗਤਾ ਨੂੰ ਅਪਣਾਉਂਦੇ ਰਹਿਣਾ ਅਤੇ ਉਹਨਾਂ ਨੀਤੀਆਂ ਅਤੇ ਅਮਲਾਂ ਦਾ ਪਾਲਣ ਕਰਦੇ ਰਹਿਣਾ ਹੈ ਜਿਹੜੀਆਂ ਨੀਤੀਆਂ ਅਤੇ ਅਮਲ ਅਪਾਹਜਤਾਵਾਂ ਵਾਲੇ ਕਰਮਚਾਰੀ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਂਦੇ ਹਨ।

# ਨਿਗਰਾਨੀ ਅਤੇ ਮੁੱਲਾਂਕਣ

ਅਸੀਂ ਆਪਣੀ ਪਹੁੰਚਯੋਗਤਾ ਨਾਲ ਸੰਬੰਧਿਤ ਪਲੈਨ ਬਾਰੇ ਰਾਇ ਇਕੱਤਰ ਕਰਕੇ ਇਲੈਕਸ਼ਨਜ਼ ਬੀ ਸੀ ਵਿਖੇ ਪਹੁੰਚਯੋਗਤਾ ’ਤੇ ਅਤੇ ਆਪਣੀ ਪਹੁੰਚਯੋਗਤਾ ਨਾਲ ਸੰਬੰਧਿਤ ਕਮੇਟੀ ਅਤੇ ਲੋਕਾਂ ਤੋਂ ਰਾਇ ਲੈ ਕੇ ਇਲੈਕਸ਼ਨਜ਼ ਬੀ ਸੀ ਵਿਚਲੀਆਂ ਰੁਕਾਵਟਾਂ ’ਤੇ ਨਿਗਰਾਨੀ ਰੱਖਾਂਗੇ। ਸਾਨੂੰ ਲੋਕਾਂ ਤੋਂ ਸਾਰੇ ਸਾਲ ਦੌਰਾਨ ਰਾਇ ਮਿਲਣ ਦੀ ਆਸ ਹੈ, ਪਰ ਸਾਨੂੰ ਉਮੀਦ ਹੈ ਕਿ ਇਲੈਕਸ਼ਨਾਂ ਅਤੇ ਇਲੈਕਸ਼ਨ ਨਾਲ ਸੰਬੰਧਿਤ ਹੋਰ ਘਟਨਾਵਾਂ ਦੌਰਾਨ ਲੋਕਾਂ ਤੋਂ ਮਿਲਣ ਵਾਲੀ ਰਾਇ ਵਿੱਚ ਵਾਧਾ ਹੋਵੇਗਾ ਕਿਉਂਕਿ ਉਹ ਸੂਬੇ ਭਰ ਦੇ ਲੋਕਾਂ ਨਾਲ ਸਾਡੇ ਸੰਪਰਕ ਨੂੰ ਵਧਾਉਂਦੀਆਂ ਹਨ। ਅਸੀਂ ਆਪਣੇ ਵਲੋਂ ਮੁਕੰਮਲ ਕੀਤੇ ਕੰਮ ਅਤੇ ਆਪਣੀਆਂ ਤਰਜੀਹਾਂ ਨੂੰ ਪੂਰੀਆਂ ਕਰਨ ਸੰਬੰਧੀ ਆਪਣੀ ਤਰੱਕੀ ਬਾਰੇ ਆਪਣੇ ਵੈੱਬਸਾਈਟ ’ਤੇ ਹਰ ਸਾਲ ਪ੍ਰਕਾਸ਼ਤ ਕੀਤੀ ਜਾਂਦੀ ਆਪਣੀ ਸਾਲਾਨਾ ਰਿਪੋਰਟ ਅਤੇ ਸਰਵਿਸ ਪਲੈਨ ਵਿੱਚ ਜਾਣਕਾਰੀ ਦੇਵਾਂਗੇ। ਇਸ ਦੇ ਨਾਲ ਹੀ ਪਹੁੰਚਯੋਗਤਾ ਨਾਲ ਸੰਬੰਧਿਤ ਆਪਣੀ ਕਮੇਟੀ ਦੀ ਹਰ ਮੀਟਿੰਗ ਵਿੱਚ ਵੀ ਅਸੀਂ ਆਪਣੀ ਤਰੱਕੀ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕਰਾਂਗੇ।

ਇਸ ਗੱਲ ਦਾ ਮੁੱਲਾਂਕਣ ਕਰਨ ਲਈ ਕਿ ਕੀ ਅਸੀਂ ਆਪਣੀਆਂ ਤਰਜੀਹਾਂ ਮੁਕੰਮਲ ਕਰ ਲਈਆਂ ਹਨ, ਅਸੀਂ ਅਪਾਹਜਤਾਵਾਂ ਵਾਲੇ ਲੋਕਾਂ ਨਾਲ ਮਿਲ ਕੇ ਕੰਮ ਕਰਾਂਗੇ। ਉਦਾਹਰਨ ਲਈ, ਇਲੈਕਸ਼ਨਜ਼ ਬੀ ਸੀ ਦੇ ਵੈੱਬਸਾਈਟ ਦੀ ਜਾਂਚ ਕਰਨ ਅਤੇ ਉਸ ਵਿੱਚ ਸੁਧਾਰ ਕਰਨ ਤੋਂ ਬਾਅਦ, ਅਸੀਂ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਆਪਣੀ ਮਦਦ ਕਰਨ ਵਾਲੀ ਤਕਨੌਲੋਜੀ ਦੀ ਵਰਤੋਂ ਕਰਦਿਆਂ ਵੈੱਬਸਾਈਟ ਨੂੰ ਟੈੱਸਟ ਕਰਨ ਲਈ ਕਹਾਂਗੇ ਤਾਂ ਜੋ ਇਹ ਯਕੀਨੀ ਹੋ ਸਕੇ ਕਿ ਇਹ ਤਕਨੌਲੋਜੀ ਸਾਡੇ ਵੈੱਬਸਾਈਟ ਨਾਲ ਕੰਮ ਕਰਦੀ ਹੈ। ਇਸ ਦੇ ਨਾਲ ਹੀ, ਅਸੀਂ ਇਹ ਗਿਣਤੀ ਕਰਾਂਗੇ ਕਿ ਅਸੀਂ ਹਰ ਸਾਲ ਵੋਟਰਾਂ ਅਤੇ ਸਿਆਸਤ ਵਿੱਚ ਹਿੱਸਾ ਲੈਣ ਵਾਲਿਆਂ ਲਈ ਬਦਲਵੇਂ ਰੂਪਾਂ ਵਿੱਚ ਕਿੰਨੇ ਵਸੀਲੇ ਅਤੇ ਜਾਣਕਾਰੀ ਦੇ ਸੈਸ਼ਨ ਪ੍ਰਦਾਨ ਕੀਤੇ ਹਨ, ਤਾਂ ਜੋ ਅਸੀਂ ਆਉਣ ਵਾਲੇ ਸਾਲਾਂ ਵਿੱਚ ਇਹਨਾਂ ਵਿੱਚ ਵਾਧਾ ਕਰਨ ਦੇ ਢੰਗਾਂ ਬਾਰੇ ਸੋਚ ਸਕੀਏ।

# ਅੰਤ

ਇਲੈਕਸ਼ਨਜ਼ ਬੀ ਸੀ ਚੋਣਾਂ ਦੇ ਅਮਲ ਨੂੰ ਬ੍ਰਿਟਿਸ਼ ਕੋਲੰਬੀਆ ਦੇ ਹਰ ਵਾਸੀ ਲਈ ਪਹੁੰਚਯੋਗ ਅਤੇ ਸ਼ਮੂਲੀਅਤ ਵਾਲਾ ਬਣਾਉਣ ਲਈ ਪ੍ਰਤੀਬੱਧ ਹੈ। ਇਹ ਕਰਨ ਲਈ, ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਸਾਡੇ ਨਾਲ ਸੰਪਰਕ ਵਿੱਚ ਆਉਣ ਵਾਲੇ ਹਰ ਵਿਅਕਤੀ ਦੇ ਸਾਹਮਣੇ ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਕਰੀਏ, ਉਹਨਾਂ ਨੂੰ ਦੂਰ ਕਰੀਏ ਅਤੇ ਉਹਨਾਂ ਤੋਂ ਰੋਕਥਾਮ ਕਰੀਏ। ਸੂਬੇ ਵਿੱਚਲੇ ਸਾਰੇ ਯੋਗ ਲੋਕ ਵੋਟ ਪਾਉਣ ਜਾਂ ਉਮੀਦਵਾਰ ਬਣਨ ਦੇ ਯੋਗ ਹੋਣੇ ਚਾਹੀਦੇ ਹਨ, ਜੇ ਉਹ ਅਜਿਹਾ ਕਰਨਾ ਚਾਹੁਣ ਤਾਂ। ਅਸੀਂ ਲੋਕਾਂ ਨੂੰ ਸਾਡੀ ਪਹੁੰਚਯੋਗਤਾ ਦੀ ਪਲੈਨ ਅਤੇ ਇਲੈਕਸ਼ਨਜ ਬੀ ਸੀ ਨਾਲ ਆਪਣੇ ਕਿਸੇ ਵੀ ਸੰਪਰਕ ਬਾਰੇ ਆਪਣੀ ਰਾਇ ਦੇਣ ਦਾ ਸੱਦਾ ਦਿੰਦੇ ਹਾਂ। ਅਸੀਂ ਆਪਣੀਆਂ ਛੇ ਅਤੇ ਹੋਰ ਪਛਾਣੀਆਂ ਗਈਆਂ ਤਰਜੀਹਾਂ ਨੂੰ ਮੁਕੰਮਲ ਕਰਕੇ ਪਹੁੰਚਯੋਗਤਾ ਵਿੱਚ ਸੁਧਾਰ ਕਰਨ ਦੇ ਇੱਛਕ ਹਾਂ।

**Elections BC**
PO Box 9275 Stn Prov Govt
Victoria, BC V8W 9J6

ਫੋਨ: 250-387-5305
ਮੁਫਤ: 1-800-661-8683
ਟੀ ਟੀ ਵਾਈ: 1-888-456-5448
ਈਮੇਲ: electionsbc@elections.bc.ca

elections.bc.ca

ELECTIONS BC
A non-partisan Office of the Legislature

Accessibility Plan [Punjabi]